# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਪਹਿਲਾ ਪੰਜਾਬੀ ਸਾਹਿਤ (ਚੋਣਵਾਂ ਵਿਸ਼ਾ)

ਸਮੈਸਟਰ ਦੂਜਾ

ਮੀਡੀਅਮ : ਪੰਜਾਬੀ ਯੂਨਿਟ : 2

ਪਾਠ ਨੰ.

**ਪੁਸਤਕ – ਇਕਾਂਗੀ ਯਾਤਰਾ ਦੇ ਅਧਾਰ ਤੇ**


2.1 : ਇਕਾਂਗੀ ਦੇ ਤੱਤ, ਪਰਿਭਾਸ਼ਾ ਅਤੇ ਪੰਜਾਬੀ ਇਕਾਂਗੀ ਦਾ ਇਤਿਹਾਸਿਕ ਪਰਿਪੇਖ

2.2 : 'ਮਾਂ ਦਾ ਡਿਪਟੀ', 'ਦੂਜਾ ਵਿਆਹ' ਦੀ ਸਾਹਿਤਕ ਪਰਖ ਅਤੇ ਆਈ. ਸੀ. ਨੰਦਾ ਦੀ ਇਕਾਂਗੀ-ਕਲਾ

2.3 : 'ਜਵਾਈ' ਅਤੇ 'ਆਪ ਬੀਤੀ' ਦੀ ਸਾਹਿਤਕ ਪਰਖ

2.4 : 'ਉਧਾਲੀ ਹੋਈ ਕੁੜੀ' ਅਤੇ 'ਅਪਮਾਨ' ਦੀ ਸਾਹਿਤਕ ਪਰਖ

2.5 : 'ਐਜੀਟੇਸ਼ਨ', 'ਬਗਾਨੇ ਬੋਹੜ ਦੀ ਛਾਂ' ਅਤੇ 'ਹਨੀਮੂਨ' ਦੀ ਸਾਹਿਤਕ ਪਰਖ।

2.6 : 'ਮੁਰਦੇ ਦਾ ਰਾਸ਼ਨ' ਅਤੇ 'ਮਨ ਦੀਆਂ ਮਨ ਵਿਚ' ਇਕਾਂਗੀਆਂ ਦੀ ਸਾਹਿਤਕ ਪਰਖ।


**Department website : www.pbidde.org**

# ਇਕਾਂਗੀ ਦੇ ਤੱਤ, ਪਰਿਭਾਸ਼ਾ ਅਤੇ ਪੰਜਾਬੀ ਇਕਾਗੀ ਦਾ ਇਤਿਹਾਸਕ ਪਰਿਪੇਖ

## (ੳ) ਇਕਾਂਗੀ ਦੇ ਤੱਤ ਅਤੇ ਪਰਿਭਾਸ਼ਾ

ਇਕਾਂਗੀ ਨਾਟਕ ਦਾ ਉਪ-ਰੂਪ ਹੈ। ਆਮ ਤੌਰ ਤੇ ਇਸ ਨੂੰ ਇਕ ਵੱਖਰਾ ਸਾਹਿਤ-ਰੂਪ ਸਵੀਕਾਰ ਕੀਤਾ ਜਾਂਦਾ ਹੈ। ਲੇਕਿਨ ਇਸ ਦਾ ਮੁਢਲਾ ਸਰੂਪ ਨਾਟਕ ਦਾ ਉਪ-ਰੂਪ ਹੋਣਾ ਹੀ ਹੈ। ਨਾਟਕ ਸਾਹਿਤਕ ਤੇ ਬਾਕੀ ਰੂਪਾਂ ਵਾਂਗ ਇਕ ਰੂਪ ਹੈ, ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ। ਲੇਕਿਨ ਹੋਰ ਸਾਹਿਤ-ਰੂਪਾਂ ਦੇ ਮੁਕਾਬਲੇ ਨਾਟਕ ਦੀ ਇਕ ਵੱਖਰਤਾ ਹੈ। ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ ਨਾਟਕ ਇਕੋ ਵੇਲੇ ਦੂਹਰੇ ਚਰਿੱਤਰ ਦਾ ਧਾਰਨੀ ਹੈ। ਉਹ ਇਕੋ ਸਮੇਂ ਸਾਹਿਤ-ਰੂਪ ਵੀ ਹੈ ਨਾਲ ਹੀ ਨਾਲ ਰੰਗ-ਮੰਚ ਉਤੇ ਖੇਡੇ ਜਾਣ ਕਾਰਨ ਇਕ ਖੇਡ ਰੂਪ ਵੀ ਹੈ। ਭਾਵ ਨਾਟਕ ਦੇ ਪਾਠ ਹੁੰਦੇ ਹਨ- ਇਕ ਲਿਖਤ ਪਾਠ ਤੇ ਦੂਜਾ ਖੇਡ-ਪਾਠ। ਕਿਉਂਕਿ ਨਾਟਕ ਸਾਹਿਤ ਰੂਪ ਵੀ ਹੈ। ਪਾਠਕ ਦਾ ਪ੍ਰਤੀ-ਉੱਤਰ ਵਿਅਕਤੀਗਤ ਹੁੰਦਾ ਹੈ ਲੇਕਿਨ ਦਰਸ਼ਕ ਦਾ ਸਮੱਸ਼ਟੀਗਤ ਕਿਉਂਕਿ ਦਰਸ਼ਕ ਸਮੂਹ ਦਾ ਹਿੱਸਾ ਬਣਕੇ ਨਾਟਕ ਜਾਂ ਇਕਾਂਗੀ ਵੇਖਦਾ ਹੈ। ਉਸ ਦੇ ਪ੍ਰਤੀ-ਉੱਤਰ ਵਿਚ ਸਮੂਹ ਦੀ ਭਾਵਨਾ ਅਤੇ ਵਿਵਹਾਰ ਕਾਰਜਸ਼ੀਲ ਹੁੰਦੇ ਹਨ। ਇਸ ਲਈ ਨਾਟਕ ਜਾਂ ਇਕਾਂਗੀ ਦੇ ਰਚਨਾਕਾਰ ਨੂੰ ਆਪਣੀ ਸਿਰਜਣਾ ਵੇਲੇ ਪਾਠਕ (Reader) ਅਤੇ ਦਰਸ਼ਕ (Audience) ਦੋਹਾਂ ਨੂੰ ਸਾਹਮਣੇ ਰੱਖਣਾ ਪੈਂਦਾ ਹੈ। ਸ਼ਾਇਦ ਇਸੇ ਕਰਕੇ ਨਾਟਕਕਾਰ ਮੌਲਿਕ ਲੇਖਕ ਹੋਣ ਦੇ ਨਾਲ ਨਾਲ ਕਰਾਫਟਸਮੈਨ ਵੀ ਹੈ। ਇਸੇ ਕਾਰਨ ਅੰਗਰੇਜ਼ੀ ਭਾਸ਼ਾ ਵਿਚ ਨਾਟਕਕਾਰ ਲਈ ਪਲੇਰਾਈਟ (Playright) ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਪਲੇਰਾਈਟ ਦਾ ਭਾਵ ਹੈ ਨਾਟਕ ਦਾ ਘਾੜਾ ਯਾਨੀ ਨਾਟਕ ਘੜਨ ਵਾਲਾ। ਅੰਗਰੇਜ਼ੀ ਵਿੱਚ ਨਾਟਕ ਲਈ ਡਰਾਮਾ (Drama) ਸ਼ਬਦ ਦੇ ਨਾਲ ਪਲੇ (Play) ਸ਼ਬਦ ਵਰਤਣ ਪਿੱਛੇ ਵੀ ਇਹੀ ਮੰਤਵ ਹੈ ਭਾਵ ਖੇਡਿਆ ਜਾਣ ਵਾਲਾ, ਕਿਉਂਕਿ ਨਾਟਕ ਦਾ ਮੰਤਵ ਕੇਵਲ ਪੜ੍ਹੇ ਜਾਣਾ, ਹੀ ਨਹੀਂ ਸਗੋਂ ਖੇਡੇ ਜਾਣਾ ਵੀ ਹੈ।

ਨਾਟਕ ਦੇ ਨਿਮਨ-ਲਿਖਤ ਅਗਲੇਰੇ ਉਪ-ਰੂਪ ਹਨ :

ਇਕਾਂਗੀ (One act play)
ਸੰਗੀਤ ਨਾਟਕ (Opera)
ਨ੍ਰਿਤ ਨਾਟਕ (Ballet)
ਨੁੱਕੜ ਨਾਟਕ (Street play)
ਬਾਲ ਨਾਟਕ (Children play)

ਇਸ ਤੋਂ ਇਲਾਵਾ ਨਾਟਕ ਭਾਵ ਪੂਰਾ ਨਾਟਕ (Full length play) ਕਵਿਤਾ ਵਿਚ ਵੀ ਲਿਖਿਆ ਜਾਂਦਾ ਹੈ, ਇਸ ਲਈ ਕਾਵਿ-ਨਾਟਕ (Poetic Play) ਦਾ ਵੀ ਮਹੱਤਵ ਹੈ।

ਨਾਟਕ ਦੇ ਉਪ-ਰੂਪਾਂ ਵਿਚੋਂ ਇਕਾਂਗੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ ਤੇ ਨਾਟਕ ਦਾ ਉਪ ਰੂਪ ਹੋਣ ਦੇ ਨਾਲ-ਨਾਲ ਇਹ ਆਪਣੇ ਆਪ ਵਿਚ ਵੀ ਇਕ ਸਥਾਪਿਤ ਰੂਪ ਹੈ ਵਿਸ਼ੇਸ਼ ਕਰ ਸਾਡੀਆਂ ਵਿਕਸਿਤ ਭਾਸ਼ਾਵਾਂ ਵਿਚ ਜਿਥੇ ਰੰਗ ਮੰਚ ਦੀ ਕੋਈ ਭਰਵੀਂ ਪਰੰਪਰਾ ਨਾ ਹੋਣ ਕਾਰਨ ਸ਼ੌਕੀਆ ਰੰਗਮੰਚ ਦੀ ਪੂਰਤੀ ਲਈ ਇਕਾਂਗੀ ਨੇ ਭਰਪੂਰ ਵਿਕਾਸ ਕੀਤਾ। ਇਕਾਂਗੀ ਇਕ ਅਜਿਹਾ ਰੂਪ ਹੈ ਜਿਸ ਵਿਚ ਨਾਟਕ ਵਾਲੇ ਸਾਰੇ ਤੱਤ ਹੁੰਦੇ ਹਨ ਜਿਵੇਂ :

ਵਿਸ਼ਾ
ਉਦੇਸ਼
ਕਥਾਨਕ
ਪਾਤਰ
ਭਾਸ਼ਾ
ਵਾਰਤਾਲਾਪ

ਸਿਰਲੇਖ
ਸ਼ੈਲੀ
ਰੰਗਮੰਚ

ਲੇਕਿਨ ਨਾਟਕ ਨਾਲੋਂ ਵੱਖਰਤਾ ਇਹ ਹੈ ਕਿ ਸਾਰੇ ਤੱਤ ਇਕਾਂਗੀ ਵਿਚ ਲਘੂ ਆਕਾਰ ਵਿਚ ਪੇਸ਼ ਹੁੰਦੇ ਹਨ। ਇਕਾਂਗੀ ਆਕਾਰ ਵਿਚ ਛੋਟਾ ਹੁੰਦਾ ਹੈ, ਇਸ ਲਈ ਉਸ ਵਿਚ ਵਿਸਥਾਰ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਨੂੰ ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ :–

**1. ਵਿਸ਼ਾ**

ਇਕਾਂਗੀ ਦਾ ਵਿਸ਼ਾ ਕਿਸੇ ਇਕ ਪੱਖ ਨਾਲ ਸਬੰਧਤ ਹੁੰਦਾ ਹੈ, ਭਾਵ ਇਸ ਵਿਚ ਬਹੁਤੇ ਖੇਤਰਾਂ ਨੂੰ ਛੂਹਣਾ ਸੰਭਵ ਨਹੀਂ ਹੁੰਦਾ। ਵਿਸ਼ਾ ਮਨੁੱਖੀ ਜ਼ਿੰਦਗੀ ਦੇ ਕਿਸੇ ਪੱਖ ਨਾਲ ਸੰਬੰਧਿਤ ਹੋ ਸਕਦਾ ਹੈ। ਕੋਈ ਸਮਾਜਿਕ ਮਸਲਾ ਵੀ ਲਿਆ ਜਾ ਸਕਦਾ ਹੈ ਅਤੇ ਵਿਅਕਤੀ ਵਿਸ਼ੇਸ਼ ਮਸਲੇ ਵੀ ਛੋਹੇ ਜਾ ਸਕਦੇ ਹਨ। ਦੋਹਾਂ ਤਰ੍ਹਾਂ ਦੇ ਇਕਾਂਗੀ ਪਾਤਰ ਹਨ।

**2. ਸੰਦੇਸ਼**

ਇਕਾਂਗੀ ਇਕ ਦਰਸ਼ਨੀ–ਰੂਪ ਹੈ ਜਿਸ ਨੂੰ ਮੰਚ ਤੇ ਪੇਸ਼ ਹੋ ਕੇ ਪਾਠਕਾਂ ਦੇ ਨਾਲ ਦਰਸ਼ਕ ਤੱਕ ਵੀ ਸੰਚਾਰਿਤ ਹੋਣਾ ਹੁੰਦਾ ਹੈ, ਇਸ ਲਈ ਇਕਾਂਗੀ ਵਿਚ ਸੰਦੇਸ਼ ਦਾ ਵਿਸ਼ੇਸ਼ ਮਹੱਤਵ ਹੈ। ਮੰਚ ਵਲ ਨਿਗਾਹ ਗੱਡੀ ਬੈਠੇ ਦਰਸ਼ਕ ਵਿਚ ਪੇਸ਼ਕਾਰੀ ਦੀ ਫੌਰੀ ਪ੍ਰਤਿਕਿਰਿਆ ਹੁੰਦੀ ਹੈ। ਇਸ ਲਈ ਕਿਸੇ ਉਸਾਰੂ–ਵਿਚਾਰ ਨੂੰ ਇਕਾਂਗੀ ਰਾਹੀਂ ਦਰਸ਼ਕ ਤੱਕ ਪਹੁੰਚਾਉਣਾ ਬੜਾ ਔਖਾ ਹੁੰਦਾ ਹੈ। ਆਇਰਲੈਂਡ ਦੀ ਜਨਵਾਦੀ ਨਾਟ–ਲਹਿਰ ਜਾਂ ਭਾਰਤ ਦੀ ਇਪਟਾ ਲਹਿਰ ਨੇ ਇਸ ਲਈ ਇਕਾਂਗੀ ਰੂਪ ਨੂੰ ਵਿਚਾਰਾਂ ਦੇ ਸੰਚਾਰ ਲਈ ਚੁਣਿਆ।

**3. ਕਥਾਨਕ**

ਇਕਾਂਗੀ ਦਾ ਕਥਾਨਕ ਇਕਹਿਰਾ ਹੁੰਦਾ ਹੈ ਕਿਉਂਕਿ ਇਸ ਵਿਚ ਇਕ ਹੀ ਅੰਕ ਹੁੰਦਾ ਹੈ ਭਾਵ ਇਕ ਵਾਰ ਪਰਦਾ ਉਠ ਕੇ ਮੁੜ ਇਕਾਂਗੀ ਮੁਕਣ ਤੇ ਹੀ ਪਰਦਾ ਗਿਰਦਾ ਹੈ। ਇਸ ਲਈ ਇਸ ਦੇ ਕਥਾਨਕ ਵਿਚ ਕਿਸੀ ਇਕਹਿਰੀ ਘਟਨਾ ਨੂੰ ਲਿਆ ਜਾਂਦਾ ਹੈ ਤੇ ਘਟਨਾ ਦੇ ਬਹੁਤੇ ਪਾਸਾਰ ਵੀ ਨਹੀਂ ਖੋਲ੍ਹੇ ਜਾਂਦੇ। ਕਾਰਜ ਦੀ ਗਤੀ ਤੇਜ਼ ਹੁੰਦੀ ਹੈ ਅਤੇ ਸਮੇਂ ਸਥਾਨ ਤੇ ਕਾਰਜ ਦੀ ਏਕਤਾ ਦਾ ਧਿਆਨ ਰੱਖਿਆ ਜਾਂਦਾ ਹੈ। ਅੰਤ ਝਟਪਟਾ ਹੁੰਦਾ ਹੈ। ਸਿਖਰ ਤੇ ਜਾ ਕੇ ਅਚਾਨਕ ਨਾਟਕ–ਘਟਨਾ ਕੋਈ ਤੇਜ਼ ਮੋੜ ਕੱਟਦੀ ਹੈ ਅਤੇ ਸਮੁੱਚੇ ਕਾਰਜ ਨੂੰ ਇਕ ਦਿਸ਼ਾ ਦੇ ਜਾਂਦੀ ਹੈ।

**4. ਪਾਤਰ**

ਇਕਾਂਗੀ ਵਿਚ ਪਾਤਰਾਂ ਦੀ ਗਿਣਤੀ ਘੱਟ ਹੁੰਦੀ ਹੈ ਕਿਉਂਕਿ ਇਕਾਂਗੀ ਵਿਚ ਬਹੁਤੇ ਪਾਤਰਾਂ ਦੀ ਉਸਾਰੀ ਸੰਭਵ ਨਹੀਂ ਹੋ ਸਕਦੀ। ਆਮ ਤੌਰ ਤੇ ਇਕ ਜਾਂ ਦੋ ਪਾਤਰ ਕੇਂਦਰ ਵਿਚ ਰੱਖੇ ਜਾਂਦੇ ਹਨ ਤੇ ਬਾਕੀਆਂ ਨੂੰ ਉਨ੍ਹਾਂ ਦੇ ਦੁਆਲੇ ਉਸਾਰਿਆ ਜਾਂਦਾ ਹੈ। ਦੋ-ਪਾਤਰੀ ਇਕਾਂਗੀਆਂ ਦੀ ਰਚਨਾ ਹੋਈ ਵੀ ਮਿਲਦੀ ਹੈ। ਅੱਜ ਕਲ੍ਹ ਇਕ–ਪਾਤਰੀ ਇਕਾਂਗੀਆਂ ਦਾ ਚਲਣ ਵੀ ਵਧਿਆ ਹੈ। ਸਮੁੱਚੇ ਰੂਪ ਵਿਚ ਇਕਾਂਗੀ ਵਿਚ ਪਾਤਰ ਥੋੜ੍ਹੇ ਹੁੰਦੇ ਹਨ ਪਰ ਉਨ੍ਹਾਂ ਦੀ ਉਸਾਰੀ ਡੂੰਘੀ ਨੀਝ ਨਾਲ ਕੀਤੀ ਜਾਂਦੀ ਹੈ ਅਤੇ ਉਹ ਇਸ ਨਿਕਅਕਾਰੀ ਰੂਪ ਵਿਚ ਵੀ ਆਪਣਾ ਪ੍ਰਭਾਵ ਛੱਡ ਜਾਂਦੇ ਹਨ।

**5. ਭਾਸ਼ਾ :**

ਇਕਾਂਗੀ ਦੀ ਭਾਸ਼ਾ ਆਮ ਬੋਲ–ਚਾਲ ਵਾਲੀ ਰੱਖੀ ਜਾਂਦੀ ਹੈ ਕਿਉਂਕਿ ਇਕਾਂਗੀ ਇਕ ਦੂਹਰੇ ਚਰਿੱਤਰ ਵਾਲਾ ਰੂਪ ਹੈ (ਜਿਵੇਂ ਕਿ ਅਸੀਂ ਪਹਿਲਾਂ ਦੱਸ ਆਏ ਹਾਂ) ਅਗਲੀ ਗੱਲ ਇਹ ਹੈ ਕਿ ਇਕਾਂਗੀ ਦੇ ਪਾਤਰਾਂ ਰਾਹੀਂ ਜੀਵੰਤ ਕਾਰਜ ਵਿਚ ਢਲਣਾ ਹੁੰਦਾ ਹੈ, ਇਸ ਲਈ ਇਕਾਂਗੀ ਦੀ ਭਾਸ਼ਾ, ਕਿਤਾਬੀ ਭਾਸ਼ਾ ਨਹੀਂ ਹੋ ਸਕਦੀ, ਕਿਉਂਕਿ ਇਕਾਂਗੀ ਦਾ ਹਰ ਸ਼ਬਦ ਹੀ ਬੋਲਿਆ ਜਾਂਦਾ ਹੈ ਅਤੇ ਅਸੀਂ ਜਾਣਦੇ ਹਾਂ ਕਿ ਬੋਲ–ਚਾਲ ਦੀ ਭਾਸ਼ਾ, ਲਿਖਤ ਦੀ ਭਾਸ਼ਾ ਨਾਲੋਂ ਵੱਖਰੀ ਹੁੰਦੀ ਹੈ। ਇਸੇ ਲਈ ਇਕਾਂਗੀ ਵਿਚ ਹੋਰ ਭਾਸ਼ਾਵਾਂ ਦੇ ਸ਼ਬਦ ਵੀ ਸਹਿਜੇ ਹੀ ਆ ਜਾਂਦੇ ਹਨ ਜਿਹੜੇ ਬੋਲ-ਚਾਲ ਵਿਚ ਵਰਤੇ ਜਾਂਦੇ ਹਨ।

**6. ਵਾਰਤਾਲਾਪ**

ਇਕਾਂਗੀ ਦੀ ਜਾਨ ਵਾਰਤਾਲਾਪ ਹੈ ਕਿਉਂਕਿ ਵਾਰਤਾਲਾਪ ਰਾਹੀਂ ਹੀ ਇਕਾਂਗੀ ਨੇ ਪਰਵਾਨ ਚੜ੍ਹਨਾ ਹੈ। ਇਕਾਂਗੀ ਦੀ ਵਾਰਤਾਲਾਪ ਚੁਸਤ ਅਤੇ ਕਾਟਵੀਂ ਹੁੰਦੀ ਹੈ। ਸੰਵਾਦ ਨਿੱਕੇ ਤੇ ਪ੍ਰਭਾਵਸ਼ਾਲੀ ਹੁੰਦੇ ਹਨ। ਆਮ ਤੌਰ ਤੇ ਪਾਤਰਾਂ ਨੂੰ ਵਿਰੋਧੀ ਸਥਿਤੀ ਵਿਚ ਪਾ ਕੇ ਵਾਰਤਾਲਾਪ ਉਸਾਰੀ ਜਾਂਦੀ ਹੈ ਤਾਂ ਕਿ ਉਸ ਦਾ ਪ੍ਰਭਾਵ ਤੀਖਣ ਹੋਵੇ।

**7. ਸਿਰਲੇਖ**

ਇਕਾਂਗੀ ਦਾ ਸਿਰਲੇਖ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਸਿਰਲੇਖ ਨੇ ਪਾਠਕ ਦੇ ਨਾਲ ਨਾਲ ਦਰਸ਼ਕ ਨੂੰ ਵੀ ਆਕਰਸ਼ਿਤ ਕਰਨਾ ਹੁੰਦਾ ਹੈ। ਇਕਾਂਗੀ ਦਾ ਸਿਰਲੇਖ ਕਿਸੇ ਵਿਸ਼ੇ ਨੂੰ ਵੀ ਸਪੱਸ਼ਟ ਕਰਨ ਵਾਲਾ ਹੋ ਸਕਦਾ ਹੈ ਤੇ ਕਿਸੇ ਘਟਨਾ ਦੀ ਪੇਸ਼ਕਾਰੀ ਨੂੰ ਦਰਸਾਉਣ ਵਾਲਾ ਵੀ ਹੋ ਸਕਦਾ ਹੈ। ਸਿਰਲੇਖ ਕਿਸੇ ਕੇਂਦਰੀ ਪਾਤਰ ਨਾਲ ਵੀ ਜੁੜਿਆ ਹੋ ਸਕਦਾ ਹੈ ਤੇ ਕਈ ਵਾਰ ਸਿਰਲੇਖ ਪ੍ਰਤੀਕਆਤਮ ਵੀ ਹੋ ਸਕਦਾ ਹੈ। ਸਿਰਲੇਖ ਰਚਨਾ ਦੇ ਮੁੱਖ ਮੰਤਵ ਅਤੇ ਇਕਾਂਗੀ ਦੇ ਆਕਰਸ਼ਣ ਨੂੰ ਵਧਾਉਂਦਾ ਹੈ।

**8. ਸ਼ੈਲੀ**

ਹਰ ਲੇਖਕ ਦੀ ਆਪਣੀ ਸ਼ੈਲੀ ਹੁੰਦੀ ਹੈ ਜਿਸ ਵਿਚ ਉਸ ਦੀ ਜੀਵਨ ਪ੍ਰਤੀ ਪਹੁੰਚ, ਵਿਚਾਰਧਾਰਾ ਦਾ ਪ੍ਰਭਾਵ ਹੁੰਦਾ ਹੈ। ਇਸ ਤਰ੍ਹਾਂ ਹਰ ਲੇਖਕ ਦੀ ਭਾਸ਼ਾ-ਯੋਗਤਾ ਅਤੇ ਸਥਿਤੀਆਂ ਤੇ ਵਿਸ਼ਲੇਸ਼ਣ ਦੀ ਤਾਕਤ ਵੀ ਉਸ ਦੀ ਸ਼ੈਲੀ ਨੂੰ ਪ੍ਰਭਾਵਿਤ ਕਰਦੀ ਹੈ। ਇਹ ਸਾਰੀਆਂ ਗੱਲਾਂ ਤਾਂ ਇਕਾਂਗੀ ਦੀ ਸ਼ੈਲੀ ਵਿਚ ਹੁੰਦੀਆਂ ਹੀ ਹਨ। ਇਸ ਤੋਂ ਇਲਾਵਾ ਰੰਗ ਮੰਚ ਦੀਆਂ ਸ਼ੈਲੀਆਂ ਵਿਚੋਂ ਕੋਈ ਇੱਕ ਸ਼ੈਲੀ ਚੁਣ ਕੇ ਵਰਤਣਾ ਲੇਖਕ ਦੀ ਸ਼ੈਲੀ ਨੂੰ ਨਿਰਧਾਰਤ ਕਰਦਾ ਹੈ।

**9. ਰੰਗਮੰਚ**

ਇਕਾਂਗੀ ਅਤੇ ਰੰਗਮੰਚ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਹਰ ਇਕਾਂਗੀ ਨੇ ਮੰਚ ਉੱਤੇ ਪੇਸ਼ ਹੋਣਾ ਹੁੰਦਾ ਹੈ। ਆਮ ਤੌਰ ਤੇ ਇਕਾਂਗੀ ਵਿਚ ਰੰਗਮੰਚ ਉੱਤੇ ਸੌਖੀ ਤਰ੍ਹਾਂ ਪੇਸ਼ ਹੋਣ ਦੇ ਗੁਣ ਨੂੰ ਉਸਦੀ ਰੰਗਮੰਚੀ ਸਫਲਤਾ ਮੰਨ ਲਿਆ ਜਾਂਦਾ ਹੈ ਪਰੰਤੂ ਇਸ ਦੇ ਨਾਲ ਇਹ ਵੀ ਵੇਖਣਾ ਹੁੰਦਾ ਹੈ ਕਿ ਇਕਾਂਗੀ ਦੇ ਕਾਰਜ ਵਿਚ ਰੰਗ ਮੰਗ ਵਿਚ ਢਲਣ ਦੇ ਕਿੰਨੇ ਕੁ ਗੁਣ ਹਨ, ਭਾਵ ਨਾਟਕ ਦਾ ਕਾਰਜ ਨਾਲ ਭਰਪੂਰ ਹੋਣਾ ਉਸ ਦੀ ਰੰਗ ਮੰਚੀ ਸਫਲਤਾ ਦਾ ਆਧਾਰ ਹੈ।

ਉਪਰੋਕਤ ਤੱਤ ਹੀ ਇਕਾਂਗੀ ਦੀ ਪਰਿਭਾਸ਼ਾ ਦੀ ਆਧਾਰ-ਭੂਮੀ ਹਨ। ਇਨ੍ਹਾਂ ਦੀ ਰੋਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਇਕਾਂਗੀ ਸਾਹਿਤ ਦਾ ਅਜਿਹਾ ਰੂਪ ਹੈ ਜੋ ਪੂਰੇ ਨਾਟਕ ਵਾਲੇ ਗੁਣਾਂ ਦੀ ਧਾਰਨੀ ਹੈ ਲੇਕਿਨ ਪੂਰੇ ਨਾਟਕ ਦੇ ਮੁਕਾਬਲੇ, ਇਹ ਇਕ ਅੰਕੀ ਹੁੰਦਾ ਹੈ, ਭਾਵ ਆਕਾਰ ਵਿਚ ਛੋਟਾ ਹੁੰਦਾ ਹੈ। ਇਸ ਵਿਚ ਕਿਸੇ ਨਿਸ਼ਚਿਤ ਵਿਸ਼ੇ ਨੂੰ ਢੁਕਵੇਂ ਸੰਦੇਸ਼ ਰਾਹੀਂ, ਇਕਹਿਰੀ ਘਟਨਾ ਵਿਚ, ਭਰਪੂਰ ਕਥਾਨਕ ਦੇ ਜਰੀਏ, ਥੋੜ੍ਹੇ ਪਾਤਰਾਂ, ਬੋਲ-ਚਾਲ ਦੀ ਭਾਸ਼ਾ, ਚੁਸਤ ਵਾਰਤਾਲਾਪ, ਢੁਕਵੇਂ ਸਿਰਲੇਖ, ਖਿੱਚ ਪਾਊ ਸ਼ੈਲੀ ਤੇ ਰੰਗਮੰਚੀ ਸੰਚਾਰ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਇਹ ਸਾਹਿਤ ਦਾ ਪ੍ਰਸਿੱਧ ਰੂਪ ਹੈ, ਜਿਸ ਦਾ ਸ਼ੌਕੀਆਂ ਰੰਗਮੰਚ ਦੀ ਉਸਾਰੀ ਵਿਚ ਵੱਡਾ ਰੋਲ ਹੈ। ਰੰਗ ਮੰਚ ਦੇ ਨਾਲ ਨਾਲ ਰੇਡੀਓ ਅਤੇ ਟੀ.ਵੀ. ਨੇ ਵੀ ਇਸ ਰੂਪ ਨੂੰ ਭਰਪੂਰਤਾ ਨਾਲ ਅਪਣਾਇਆ ਹੈ।

**(ਅ) ਪੰਜਾਬੀ ਇਕਾਂਗੀ ਦਾ ਇਤਿਹਾਸਿਕ ਪਰਿਪੇਖ**

ਪੰਜਾਬੀ ਇਕਾਂਗੀ ਦੇ ਇਤਿਹਾਸਕ ਪਰਿਪੇਖ ਨੂੰ ਸਮਝਣ ਤੋਂ ਪਹਿਲਾਂ ਇਕਾਂਗੀ ਦੇ ਜਨਮ ਤੇ ਵਿਕਾਸ ਬਾਰੇ ਜਾਣਨਾ ਜ਼ਰੂਰੀ ਹੈ। ਪੱਛਮੀ ਦੇਸ਼ਾਂ ਵਿਚ ਨਾਟਕ ਦੀ ਪਰੰਪਰਾ ਤਾਂ ਭਾਵੇਂ ਬਹੁਤ ਪੁਰਾਣੀ ਹੈ ਪਰ ਇਕਾਂਗੀ-ਸਾਹਿਤ ਰੂਪ ਦੀ ਉਪਜ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਹੀ ਹੋਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੱਛਮੀ ਦੇਸ਼ਾਂ ਵਿਚ ਪੂੰਜੀਵਾਦੀ ਸਮਾਜਿਕ ਢਾਂਚੇ ਅਧੀਨ ਸਾਇੰਸ, ਟੈਕਨਾਲੋਜੀ ਦੇ ਵਿਕਾਸ, ਮਸ਼ੀਨੀ ਯੁੱਗ ਦੀ ਆਮਦ ਅਤੇ ਸ਼ਹਿਰੀ ਸਭਿਅਤਾ ਦੀ ਪ੍ਰਫੁਲਤ ਕਰਕੇ ਆਮ ਲੋਕਾਂ ਪਾਸ ਵਿਹਲ ਦੀ ਘਾਟ ਮਹਿਸੂਸ ਹੋਣ ਲੱਗੀ, ਜਿਸ ਦੇ ਫਲਸਰੂਪ ਲਘੂ ਆਕਾਰੀ ਸਾਹਿਤ-ਰੂਪ (ਨਿੱਕੀ ਹੁਨਰੀ ਕਹਾਣੀ, ਛੋਟੀ ਭਾਵਾਤਮਕ ਕਵਿਤਾ ਅਤੇ ਇਕਾਂਗੀ ਆਦਿ ਹੋਂਦ ਵਿਚ ਆਏ। ਪੱਤਰਕਾਰੀ ਨੇ ਛੋਟੇ ਸਾਹਿਤ-ਰੂਪਾਂ ਨੂੰ ਉਤਸ਼ਾਹ ਦਿੱਤਾ। ਇਕਾਂਗੀ ਸਾਹਿਤ ਦੇ ਪੈਦਾ ਹੋਣ ਦਾ ਇਕ ਹੋਰ ਕਾਰਨ ਵੀ ਸੀ, ਜਦੋਂ ਨਾਟਕ ਸਟੇਜ ਉਪਰ ਪੇਸ਼ ਕੀਤਾ ਜਾਂਦਾ ਸੀ ਤਾਂ ਸੁਹਿਰਦ ਮਹਿਮਾਨਾਂ ਦੀ ਉਡੀਕ ਕੀਤੀ ਜਾਂਦੀ ਸੀ। ਪਹਿਲੇ ਪੁੱਜੇ ਆਮ ਦਰਸ਼ਕਾਂ ਨੇ ਮਨ-ਪਰਚਾਵੇ ਲਈ ਨਾਟਕ ਸ਼ੁਰੂ ਕਰਨ ਤੋਂ ਪਹਿਲਾਂ ਇਕ ਝਾਕੀ ਦਿਖਾਈ ਜਾਂਦੀ ਸੀ। ਇਸ ਝਾਕੀ ਨੂੰ ਪਰਦਾ-ਉਠਾਊ ਕਿਹਾ ਜਾਂਦਾ ਸੀ। 1903 ਵਿਚ ਲੰਡਨ ਦੇ ਇਕ ਥੀਏਟਰ ਵਿਚ ਜੇਕੋਬ ਦੀ ਪ੍ਰਸਿੱਧ ਕਹਾਣੀ 'ਬਾਂਦਰ ਦਾ ਪੰਜਾ' ਨੂੰ ਨਾਟਕੀ ਝਾਕੀ ਵਜੋਂ ਪੇਸ਼ ਕੀਤਾ ਗਿਆ। ਦਰਸ਼ਕ ਇਸ ਨੂੰ ਵੇਖ ਕੇ ਐਨੇ ਖੁਸ਼ ਹੋਏ ਕਿ ਉਹ ਪੂਰਾ ਨਾਟਕ ਵੇਖਣ ਤੋਂ ਬਗੈਰ ਹੀ ਉਠ ਕੇ ਚਲੇ ਗਏ। ਹੌਲੀ ਹੌਲੀ ਇਹ ਝਾਕੀ ਇਕਾਂਗੀ ਦਾ ਰੂਪ ਧਾਰ ਗਈ ਅਤੇ ਲੇਖਕਾਂ ਨੇ ਪੁਸਤਕਾਂ ਪੱਤਰਾਂ ਵਿਚ ਇਕਾਂਗੀ ਲਿਖਣੇ ਸ਼ੁਰੂ ਕਰ ਦਿੱਤੇ। ਜਿਵੇਂ ਕਿ ਅਸੀਂ ਪਹਿਲਾਂ ਦੱਸ ਆਏ ਹਾਂ ਕਿ ਇਕਾਂਗੀ ਜਾਂ ਨਾਟਕ ਇਕ ਸਮੂਹਕ ਕਲਾ ਹੈ। ਇਸ ਦਾ ਸੰਬੰਧ ਇਕ ਪਾਸੇ ਸਾਹਿਤ ਨਾਲ ਹੈ ਦੂਜੇ ਪਾਸੇ ਥੀਏਟਰ ਨਾਲ। ਨਾਵਲ, ਕਹਾਣੀ ਜਾਂ ਕਵਿਤਾ ਦੀ ਤਰ੍ਹਾਂ, ਇਸ ਨੂੰ ਪਾਠਕ ਕੇਵਲ ਪੜ੍ਹਦਾ

ਹੀ ਨਹੀਂ ਸਗੋਂ ਦਰਸ਼ਕ ਬਣ ਕੇ ਸਟੇਜ ਉਪਰ ਵੇਖਦਾ ਵੀ ਹੈ। ਇਸ ਦੀ ਸਫਲਤਾ ਦੀ ਕਸੋਟੀ ਮੰਚ ਹੈ। ਇਸ ਵਿਚ ਪੇਸ਼ ਕੀਤੀ ਗਈ ਘਟਨਾ, ਕਹਾਣੀ ਜਾਂ ਸਥਿਤੀ ਨੂੰ ਮੰਚ ਉਪਰ ਕਲਾਕਾਰਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਸ ਲਈ ਨਾਟਕ ਜਾਂ ਇਕਾਂਗੀ ਦਾ ਪਹਿਲਾ ਪੱਖ ਸਾਹਿਤਕ ਹੈ, ਜਿਸ ਵਿਚ ਨਾਟਕਕਾਰ ਨਾਟਕ ਦੀ ਸਿਰਜਣਾ ਕਰਦਾ ਹੈ ਅਤੇ ਇਸ ਦਾ ਦੂਜਾ ਪੱਖ ਸਟੇਜ਼ੀ ਹੈ ਜਿਸ ਵਿਚ ਨਿਰਦੇਸ਼ਕ ਕਲਾਕਾਰਾਂ ਦੇ ਰਾਹੀਂ ਸਮੂਹਕ ਦਰਸ਼ਕਾਂ ਸਾਹਮਣੇ ਮੰਚ ਉਪਰ ਉਸ ਨਾਟਕ ਦੀ ਖੇਡ ਰਚਾਉਂਦਾ ਹੈ।

ਪੱਛਮ ਵਿਚ ਵਿਕਸਿਤ ਹੋਇਆ ਇਕਾਂਗੀ, ਅੰਗਰੇਜ਼ਾਂ ਦੀ ਭਾਰਤ ਵਿਚ ਆਮਦ ਕਾਰਨ ਭਾਰਤੀ ਭਾਸ਼ਾਵਾਂ ਵਿਚ ਵੀ ਛੇਤੀ ਪ੍ਰਚਲਿਤ ਹੋਇਆ। ਭਾਰਤ ਵਿਚ ਉਨੀਵੀਂ ਸਦੀ ਵਿਚ ਅੰਗਰੇਜ਼ਾਂ ਰਾਹੀਂ ਪੱਛਮੀ ਵਿਦਿਆ ਦਾ ਪਾਸਾਰ ਹੋਇਆ। ਪੰਜਾਬੀ ਵਿਚ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਈਸਾਈ ਮਿਸ਼ਨਰੀਆਂ ਦੁਆਰਾ ਪੱਛਮੀ ਸਾਹਿਤ ਦੇ ਰੂਪ ਪੰਜਾਬੀ ਵਿਚ ਆਏ । ਜਿਨ੍ਹਾਂ ਵਿਚੋਂ ਇਕ ਈਸਾਈ ਮਿਸ਼ਨਰੀ, ਐਸ. ਐਸ. ਬੰਚਿਤ ਦੁਆਰਾ ਲਿਖੀ ਇਕਾਂਗੀ-ਨੁਮਾ 'ਰੂਮਲਕਾ ਅਸਤਰਗ' ਵੀ ਮਿਲਦੀ ਹੈ। ਲੇਕਿਨ ਵਿਧੀਵਤ ਰੂਪ ਵਿਚ ਪੰਜਾਬੀ ਵਿਚ ਇਕਾਂਗੀ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਵਿਕਸਿਤ ਹੋਇਆ। ਜਿਸ ਦਾ ਸੰਬੰਧ ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਨਾਲ ਵੀ ਹੈ ਕਿਉਂਕਿ ਆਧੁਨਿਕ ਪੰਜਾਬੀ ਨਾਟਕ ਦਾ ਜਨਮ ਇਕਾਂਗੀ ਨਾਲ ਹੀ ਹੋਇਆ। ਇਕਾਂਗੀ ਦਾ ਆਰੰਭ ਆਈ ਸੀ. ਨੰਦਾ ਨੇ ਕੀਤਾ। ਆਈ. ਸੀ. ਨੰਦਾ ਨੇ ਸਾਹਿਤਕ ਜੀਵਨ 1913 ਈ. ਵਿਚ ਸ਼ੁਰੂ ਕੀਤਾ। ਉਦੋਂ ਉਸ ਨੇ ਪੰਜਾਬੀ ਦਾ ਸਭ ਤੋਂ ਪਹਿਲਾਂ ਇਕਾਂਗੀ 'ਦੁਲਹਨ' (ਸੁਹਾਗ) ਲਿਖਿਆ। ਉਸ ਨੂੰ ਨਾਟਕ ਲਿਖਣ ਦੀ ਪ੍ਰੇਰਨਾ ਇਥੇ ਅੰਗਰੇਜ਼ੀ ਦੇ ਪ੍ਰੋਫੈਸਰ ਦੀ ਪਤਨੀ ਸ੍ਰੀਮਤੀ ਨੋਰ੍ਹਾ ਰਿਡਰਡਜ਼ ਪਾਸੋਂ ਪ੍ਰਾਪਤ ਹੋਈ। ਨੋਰ੍ਹਾ ਰਿਚਰਡਰਜ਼ 1911 ਈ. ਵਿਚ ਲਾਹੌਰ ਆਈ। ਉਹ ਆਇਰਲੈਂਡ ਦੀ ਰਹਿਣ ਵਾਲੀ ਸੀ ਅਤੇ ਉਹ ਦੇਸ਼ ਵਿਚ ਨਾਟਕ ਦੀ ਚਲ ਰਹੀ ਲਹਿਰ ਤੋਂ ਭਲੀ ਭਾਂਤ ਵਾਕਿਫ ਸੀ। ਉਹ ਚਾਹੁੰਦੀ ਸੀ ਕਿ ਭਾਰਤੀ ਨੌਜੁਆਨ ਲੇਖਕ ਆਪਣੀ ਮਾਤਭਾਸ਼ਾ ਵਿਚ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਨੂੰ ਨਾਟਕਾਂ ਵਿਚ ਪੇਸ਼ ਕਰਨ। ਇਸ ਉਦੇਸ਼ ਨਾਲ ਉਸ ਦੇ ਕਾਲਜ ਵਿਚ ਨਾਟਕ-ਪ੍ਰਤੀਯੋਗਤਾ ਕਰਵਾਈ। ਪਹਿਲੇ ਸਾਲ ਵਿਚ ਉਰਦੂ ਦਾ ਇਕਾਂਗੀ 'ਕਰਾਮਾਤ' ਪ੍ਰਥਮ ਰਿਹਾ ਪਰ ਅਗਲੇ ਸਾਲ 1913 ਈ. ਵਿਚ ਨੰਦਾ ਦਾ ਇਕਾਂਗੀ 'ਦੁਲਹਨ' ਅਤੇ 'ਰਾਜਿੰਦਰ ਲਾਲ ਸਾਹਨੀ ਦਾ ਇਕਾਂਗੀ 'ਦੀਨੇ ਦੀ ਬਰਾਤ' ਪਹਿਲੇ ਅਤੇ ਦੂਜੇ ਨੰਬਰ ਤੇ ਆਏ। ਇਸ ਤਰ੍ਹਾਂ ਪੰਜਾਬੀ ਵਿਚ ਇਕਾਂਗੀ ਦਾ ਲਿਖਣ ਦੀ ਸ਼ੁਰੂਆਤ ਹੋਈ। 1914 ਵਿਚ 'ਦੁਲਹਨ' ਮੰਚ ਉਪਰ ਸਫਲਤਾ ਸਾਹਿਤ ਪੇਸ਼ ਕੀਤਾ ਗਿਆ। ਮਿਸਿਰ ਨੋਰ੍ਹਾ ਰਿਚਰਡਰਜ਼ ਦੀ ਅਗਵਾਈ ਥੱਲੇ 'ਸਰਸਵਤੀ ਸਟੇਜ ਸੁਸਾਇਟੀ' ਦੀ ਸਥਾਪਨਾ ਕੀਤੀ ਗਈ ਜਿੱਥੇ ਸਮੇਂ ਸਮੇਂ ਸਿਰ ਨਾਟਕ ਪੇਸ਼ ਕੀਤੇ ਜਾਂਦੇ ਰਹੇ।

ਪੰਜਾਬੀ ਇਕਾਂਗੀ ਦੇ ਉਪਰੋਕਤ ਪਿਛੋਕੜ ਨੂੰ ਸਮਝਣ ਉਪਰੰਤ ਹੀ ਪੰਜਾਬੀ ਇਕਾਂਗੀ ਦਾ ਇਤਿਹਾਸਕ ਪਰਿਪੇਖ ਵਿਚਾਰਿਆ ਜਾ ਸਕਦਾ ਹੈ। ਪੰਜਾਬੀ ਇਕਾਂਗੀ ਦੇ ਇਤਿਹਾਸ ਵਿਚ ਇਹ ਗੱਲ ਮਹੱਤਵਪੂਰਨ ਹੈ ਕਿ ਪੰਜਾਬੀ ਸਾਹਿਤ ਵਿਚ ਇਕਾਂਗੀ, ਨਾਟਕ ਦੇ ਸਮਾਨਾਂਤਰ ਉਸੇ ਜਲੌਅ ਵਿਚ ਵਿਕਸਿਤ ਹੋਇਆ। ਪੰਜਾਬੀ ਸਾਹਿਤ ਵਿਚ ਇਕਾਂਗੀ ਦੇ ਵਿਕਸਿਤ ਹੋਣ ਦੇ ਕੁਝ ਇਕ ਵਿਸ਼ੇਸ਼ ਕਾਰਨ ਵੀ ਸਨ :

(1) ਪੰਜਾਬੀ ਇਕਾਂਗੀ ਵਿਦਿਅਕ ਅਦਾਰਿਆਂ ਵਿਚ ਵਿਕਸਿਤ ਹੋਇਆ। ਇਸ ਦੇ ਮੁੱਢਲੇ ਲੇਖਕ ਵਿਦਿਆਰਥੀ ਹੀ ਸਨ ਅਤੇ ਬਾਦ ਦੇ ਲੇਖਕ, ਅਧਿਆਪਕ ਵਰਗ ਨਾਲ ਸਬੰਧਿਤ ਰਹੇ। ਭਾਵ ਸਕੂਲਾਂ ਕਾਲਜਾਂ ਦਾ ਮੰਚ ਪੰਜਾਬੀ ਇਕਾਂਗੀ ਦੇ ਪ੍ਰਫੁਲਿਤ ਹੋਣ ਵਿਚ ਸਹਾਇਕ ਸਿੱਧ ਹੋਇਆ। ਪੰਜਾਬੀ ਇਕਾਂਗੀ ਨੇ ਸਕੂਲਾਂ ਕਾਲਜਾਂ ਤੇ ਮੰਚਾਂ ਤੇ ਨਾਮਣਾ ਖਟਿਆ।

(2) ਪੰਜਾਬੀ ਵਿਚ ਰੰਗਮੰਚ ਦੀ ਕੋਈ ਭਰਵੀਂ ਪਰੰਪਰਾ ਨਹੀਂ। ਕੇਵਲ ਸ਼ੌਕੀਆਂ ਰੰਗਮੰਚ ਹੀ ਪੰਜਾਬੀ ਰੰਗਮੰਚ ਦਾ ਆਧਾਰ ਹੈ। ਸ਼ੌਕੀਆ ਰੰਗਮੰਚ ਘੱਟ ਸਾਧਨਾਂ ਵਾਲਾ ਰੰਗਮੰਚ ਹੁੰਦਾ ਹੈ ਜਿਸ ਵਿਚ ਰੰਗਕਰਮੀ ਪੂਰਾ ਸਮਾਂ ਨਹੀਂ ਲਗਾਸਕਦੇ। ਅਜਿਹੇ ਰੰਗਮੰਚ ਲਈ ਇਕਾਂਗੀ ਵਰਦਾਨ ਸਿੱਧ ਹੋਇਆ। ਇਸ ਲਈ ਪੰਜਾਬੀ ਰੰਗਮੰਚ ਦਾ ਪੰਜਾਬੀ ਇਕਾਂਗੀ ਦੇ ਵਿਕਾਸ ਵਿਚ ਰੋਲ ਹੈ।

(3) ਨਾਟ-ਮੇਲਿਆਂ ਅਤੇ ਮੁਕਾਬਲਿਆਂ ਨੇ ਵੀ ਪੰਜਾਬੀ ਇਕਾਂਗੀ ਦੇ ਵਿਕਾਸ ਵਿਚ ਭੂਮਿਕਾ ਨਿਭਾਈ ਹੈ, ਕਿਉਂਕਿ ਮੇਲਿਆਂ, ਮੁਕਾਬਲਿਆਂ ਵਿਚ ਥੋੜ੍ਹੇ ਸਮੇਂ ਵਾਲੇ ਨਾਟਕ ਸਥਾਨ ਗ੍ਰਹਿਣ ਕਰਦੇ ਹਨ। ਇਸ ਪੱਖੋਂ ਯੂਨੀਵਰਸਿਟੀਆਂ ਦੇ ਯੁਵਕ-ਮੇਲਿਆਂ ਦਾ ਉਚੇਚਾ ਜ਼ਿਕਰ ਕੀਤਾ ਜਾ ਸਕਦਾ ਹੈ।

(4) ਪੰਜਾਬੀ ਇਕਾਂਗੀ ਦੇ ਇਤਿਹਾਸਕ ਪਰਿਪੇਖ ਦੀ ਸਿਰਜਣਾ ਵਿਚ ਇਕ ਵਿਸ਼ੇਸ਼ ਗੱਲ ਹੈ ਇਹ ਹੈ ਕਿ ਇਹ ਵੀ ਹੈ ਕਿ ਪੰਜਾਬੀ ਨਾਟਕਕਾਰਾਂ ਨੇ ਪੂਰੇ ਨਾਟਕਾਂ ਦੇ ਸਮਾਨਾਂਤਰ ਇਕਾਂਗੀ ਰਚਨਾ ਕੀਤੀ। ਕਈ ਨਾਟਕਕਾਰ ਤਾਂ

ਅਜਿਹੇ ਹਨ ਜਿਨ੍ਹਾਂ ਦੇ ਇਕਾਂਗੀ ਪੂਰੇ ਨਾਟਕਾਂ ਨਾਲੋਂ ਵਧੇਰੇ ਮਕਬੂਲ ਹਨ, ਜਿਵੇਂ ਸੰਤ ਸਿੰਘ ਸੇਖੋਂ। ਨਾਟਕ ਲਿਖਤ ਦੇ ਤੌਰ ਤੇ ਇਕਾਂਗੀ ਅਤੇ ਨਾਟਕ ਦੋਵੇਂ ਵਿਧਾਵਾਂ ਨੇ ਸਾਹਿਤ ਸਿਰਜਣਾ ਦੇ ਇਤਿਹਾਸ ਵਿਚ ਬਰਾਬਰ ਦੀ ਮਕਬੂਲੀਅਤ ਹਾਸਲ ਕੀਤੀ। ਮਸਲਨ ਜੇ ਗਾਰਗੀ ਦਾ ਪੂਰਾ ਨਾਟਕ 'ਲੋਹਾ ਕੁੱਟ' ਪੰਜਾਬੀ ਨਾਟਕ ਦੇ ਇਤਿਹਾਸ ਵਿਚ ਵਿਸ਼ੇਸ਼ ਥਾਂ ਰੱਖਦਾ ਹੈ ਤਾਂ ਇਕਾਂਗੀ 'ਪੱਤਣ ਦੀ ਬੇੜੀ' ਵੀ ਉਨੀ ਮਹੱਤਵਪੂਰਨ ਹੈ।

ਉਪਰੋਕਤ ਪੱਖਾਂ ਦੀ ਰੋਸ਼ਨੀ ਵਿਚ ਇਹ ਸਪਸ਼ਟ ਹੈ ਕਿ ਪੰਜਾਬੀ ਵਿਚ ਇਕਾਂਗੀ ਰਚਨਾ ਨੇ ਵਿਸ਼ੇਸ਼ ਸਥਾਨ ਪ੍ਰਾਪਤ ਕੀਤੇ ਹੈ ਅਤੇ ਇਸ ਦਾ ਜ਼ਿਕਰਯੋਗ ਇਤਿਹਾਸ ਹੈ।

ਪੰਜਾਬੀ ਇਕਾਂਗੀ ਦੇ ਇਤਿਹਾਸਕ ਪਰਿਪੇਖ ਅਧੀਨ ਵਿਚਾਰਨ ਵਾਲੀ ਗੱਲ ਇਹ ਹੈ ਕਿ ਪੰਜਾਬੀ ਇਕਾਂਗੀ ਦੇ ਵਿਕਾਸ ਰੂਪ ਨੂੰ ਸਮਝਿਆ ਜਾਏ ਜਿਹੜਾ ਪੰਜਾਬੀ ਇਕਾਂਗੀ ਨੂੰ ਨਿਰਧਾਰਿਤ ਕਰਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਜ਼ਿਕਰ ਕੀਤਾ ਸੀ ਕਿ ਪੰਜਾਬੀ ਇਕਾਂਗੀ ਦਾ ਮੁੱਢ ਆਈ. ਸੀ. ਨੰਦਾ ਤੋਂ ਬੱਝਾ ਉਸ ਦੇ ਇਕਾਂਗੀ 'ਦੁਲਹਨ' (ਸੁਹਾਗ) ਨੂੰ ਪਹਿਲਾਂ ਆਧੁਨਿਕ ਇਕਾਂਗੀ ਮੰਨਿਆ ਜਾਂਦਾ ਹੈ। ਆਈ. ਸੀ. ਨੰਦਾ ਤੋਂ ਲੈ ਕੇ ਹੁਣ ਤੱਕ ਚਾਰ ਪੀੜ੍ਹੀਆਂ ਵਿਚ ਪੰਜਾਬੀ ਨਾਟਕਕਾਰਾਂ ਨੇ ਇਕਾਂਗੀ ਰਚਨਾ ਕੀਤੀ ਹੈ ਜਿਸ ਨੂੰ ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ।

(1) **ਪਹਿਲੀ ਪੀੜ੍ਹੀ** :– ਜਿਸਨੇ 1947 ਤੋਂ ਪਹਿਲਾਂ ਲਿਖਣਾ ਆਰੰਭ ਕੀਤਾ। ਇਸ ਪੀੜ੍ਹੀ ਵਿਚ ਆਈ. ਸੀ. ਨੰਦਾ, ਹਰਚਰਨ ਸਿੰਘ, ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ ਫੁੱਲ ਆਦਿ ਨਾਟਕਕਾਰ ਹਨ।

(2) **ਦੂਜੀ ਪੀੜ੍ਹੀ** :– ਇਸ ਵਿਚ ਉਹ ਨਾਟਕਕਾਰ ਹਨ ਜਿਨ੍ਹਾਂ ਨੇ 1947 ਦੇ ਨੇੜੇ ਲਿਖਣਾ ਸ਼ੁਰੂ ਕੀਤਾ। ਇਸ ਵਿਚ ਹਰਚਰਨ ਸਿੰਘ, ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ, ਪਰਿਤੋਸ਼ ਗਾਰਗੀ, ਪਾਂਧੀ ਨਨਕਾਣਵੀ ਆਦਿ ਨਾਟਕਕਾਰ ਹਨ।

(3) **ਤੀਜੀ ਪੀੜ੍ਹੀ** :– ਇਹ ਉਹ ਪੀੜ੍ਹੀ ਹੈ ਜਿਸ ਨੇ ਅੱਠਵੇਂ ਦਹਾਕੇ ਦੇ ਮੁੱਢ ਵਿਚ ਲਿਖਣਾ ਆਰੰਭ ਕੀਤਾ। ਇਸ ਵਿਚ ਆਤਮਜੀਤ, ਅਜਮੇਰ ਸਿੰਘ ਔਲਖ, ਗੁਰਸ਼ਰਨ ਸਿੰਘ ਆਦਿ ਨਾਟਕਕਾਰ ਹਨ। (ਇਸ ਪੀੜ੍ਹੀ ਦੇ ਨਾਟਕਕਾਰ ਚਰਨ ਦਾਸ ਸਿੱਧੂ ਨੇ ਕੇਵਲ ਪੂਰੇ ਨਾਟਕ ਹੀ ਲਿਖੇ। ਇਕ ਇਕਾਂਗੀ ਲਿਖਿਆ 'ਮੈਂ ਕਰੋੜ ਪਤੀ ਕਿਦਾਂ ਬਣਿਆ। ਜਿਸ ਨੂੰ ਬਾਅਦ ਵਿਚ 'ਏਕਲਵਿਆ ਬੋਲਿਆ' ਦੇ ਨਾਂ ਨਾਲ ਪੂਰੇ ਨਾਟਕ ਦਾ ਰੂਪ ਦੇ ਦਿੱਤਾ।

(4) **ਚੌਥੀ ਪੀੜ੍ਹੀ** :– ਇਹ ਉਹ ਪੀੜ੍ਹੀ ਹੈ ਜਿਸ ਨੇ ਚਲ ਰਹੇ ਦਹਾਕੇ ਵਿਚ ਉਭਰਨਾ ਸ਼ੁਰੂ ਕੀਤਾ। ਇਸ ਵਿਚ ਡਾ. ਸਤੀਸ਼ ਵਰਮਾ, ਪਾਲੀ ਭੁਪਿੰਦਰ, ਦਵਿੰਦਰ ਕੁਮਾਰ, ਵਰਿਆਮ ਮਸਤ ਆਦਿ ਨਾਟਕਕਾਰ ਜ਼ਿਕਰਯੋਗ ਹਨ।

ਉਪਰੋਕਤ ਨਾਟਕਕਾਰਾਂ ਨੇ ਪੰਜਾਬੀ ਇਕਾਂਗੀ ਨੂੰ ਵਿਸ਼ੇ ਅਤੇ ਰੂਪ ਦੀ ਦ੍ਰਿਸ਼ਟੀ ਤੋਂ ਵਿਸ਼ਾਲਤਾ ਦਿੱਤੀ। ਪੰਜਾਬੀ ਇਕਾਂਗੀ ਸਮਾਜਿਕ ਸਮੱਸਿਆਵਾਂ ਦੀ ਪੇਸ਼ਕਾਰੀ ਪ੍ਰਮੁੱਖ ਤੌਰ ਤੇ ਕਰਦਾ ਰਿਹਾ ਹੈ। ਇਸ ਤੋਂ ਇਲਾਵਾ ਮਨੋਵਿਗਿਆਨਕ ਵਿਸ਼ਲੇਸ਼ਣ ਅਧੀਨ ਰਿਸ਼ਤਿਆਂ ਦੀ ਪੇਸ਼ਕਾਰੀ ਅਤੇ ਰਾਜਸੀ ਸਥਿਤੀਆਂ ਦੀ ਪੇਸ਼ਕਾਰੀ ਪੰਜਾਬੀ ਇਕਾਂਗੀ ਵਿਚ ਪ੍ਰਮੁੱਖ ਵਿਸ਼ੇ ਵਜੋਂ ਉਭਰੀ ਹੈ। ਸਮਾਜਿਕ ਸਮੱਸਿਆਵਾਂ ਅਨਪੜ੍ਹਤਾ ਅਤੇ ਇਸਤਰੀ ਦੀ ਆਜ਼ਾਦੀ ਆਦਿ ਪੱਖ ਉਭਰੇ ਹਨ। ਆਈ. ਸੀ. ਨੰਦਾ ਦਾ 'ਸੁਹਾਗ', ਕਪੂਰ ਸਿੰਘ ਘੁੰਮਣ ਦਾ 'ਉਧਾਲੀ ਹੋਈ ਕੁੜੀ', 'ਗੁਰਚਰਨ ਸਿੰਘ ਜਸੂਜਾ ਦਾ 'ਭਾਬੋ ਦਾ ਭੂਤ', ਹਰਚਰਨ ਸਿੰਘ ਦਾ 'ਐਜੀਟੇਸ਼ਨ, ਆਤਮਜੀਤ ਦਾ 'ਰੁਸੀਣਾਂ', ਗੁਰਸ਼ਰਨ ਸਿੰਘ ਜਾਸੂਜਾ ਦਾ 'ਸਾਮਾਨ' ਪਾਲੀ ਭੁਪਿੰਦਰ ਦਾ 'ਕੀ ਤੁਹਾਨੂੰ ਚੀਕ ਸੁਣਾਈ ਦੇਂਦੀ ਹੈ, ਆਦਿ ਇਕਾਂਗੀ ਇਸ ਪੱਖੋਂ ਮਹੱਤਵਪੂਰਨ ਹਨ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੰਤ ਸਿੰਘ ਸੇਖੋਂ ਦਾ 'ਭਾਵੀ, ਬਲਵੰਤ ਗਾਰਗੀ ਦਾ 'ਪੱਤਣ ਦੀ ਬੇੜੀ', ਸੁਰਜੀਤ ਸਿੰਘ ਸੇਠੀ ਦਾ 'ਅਪਮਾਨ', ਆਤਮਜੀਤ ਦਾ 'ਦਾਇਰੇ ਤੇ ਸਲੀਬ' ਆਦਿ ਇਕਾਂਗੀ ਮਹੱਤਵਪੂਰਨ ਹਨ। ਸਮਾਜਿਕ-ਰਾਜਸੀ (ਕਾਵਿ-ਇਕਾਂਗੀ) ਬਲਵੰਤ ਗਾਰਗੀ ਦਾ 'ਜਵਾਈ', ਹਰਸਰਨ ਸਿੰਘ 'ਜੋਤ ਤੋਂ ਜੋਤ ਜਗੇ', ਆਤਮਜੀਤ ਦਾ 'ਅਜੀਤ ਰਾਮਾ' ਅਜਮੇਰ ਔਲਖ ਦਾ 'ਭੱਠ ਖੇੜਿਆਂ ਦਾ ਰਹਿਣਾ' ਗੁਰਸ਼ਰਨ ਸਿੰਘ ਦੇ ਲਗਭਗ ਸਾਰੇ ਇਕਾਂਗੀ ਡਾ. ਸਤੀਸ਼ ਵਰਮਾ ਦਾ 'ਪਰਤ ਆਉਣ ਤਕ', ਦਵਿਦਰ ਕੁਮਾਰ ਦਾ 'ਹੋਰ ਕੀ ਕਰਦਾ' ਆਦਿ ਦਾ ਨਾਂ ਲਿਆ ਜਾ ਸਕਦਾ ਹੈ।

ਸ਼ਿਲਪ ਦੀ ਦ੍ਰਿਸ਼ਟੀ ਤੋਂ ਵੀ ਪੰਜਾਬੀ ਇਕਾਂਗੀ ਦਾ ਇਤਿਹਾਸ ਜ਼ਿਕਰਯੋਗ ਹੈ। ਪਹਿਲੀ, ਦੂਜੀ ਪੀੜ੍ਹੀ ਦੇ ਇਕਾਂਗੀਕਾਰਾਂ ਨੇ ਅਧਿਕਤਰ ਰੂਪ ਵਿਚ ਯਥਾਰਥਵਾਦੀ ਨਾਟ ਸ਼ੈਲੀ ਵਰਤੀ ਹੈ। ਇਸ ਤੋਂ ਬਾਅਦ ਨਵੀਆਂ ਸ਼ੈਲੀਆਂ ਦਾ ਪ੍ਰਭਾਵ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਨੁਕੜ-ਨਾਟਕ ਅਤੇ ਬਾਲ-ਨਾਟਕ ਵੀ ਇਕਾਂਗੀ ਦੇ ਰੂਪ ਵਿਚ ਵਧੇਰੇ ਰਚੇ ਗਏ ਹਨ। ਕਥਾਨਕ, ਪਾਤਰ-ਉਸਾਰੀ, ਵਾਰਤਾਲਾਪ ਆਦਿ ਪੱਖਾਂ ਤੋਂ ਪੰਜਾਬੀ ਇਕਾਂਗੀ ਨੇ ਡੂੰਘੀਆਂ ਪੈੜਾਂ ਪਈਆਂ ਹਨ। ਪੰਜਾਬੀ ਇਕਾਂਗੀ-ਰਚਨਾਂ

ਵਿਚ ਸ਼ਿਲਪ ਦੀ ਦ੍ਰਿਸ਼ਟੀ ਤੋਂ ਪਰਪਕਤਾ ਦੀ ਝਲਕ ਮਿਲਦੀ ਹੈ।

ਪੰਜਾਬੀ ਇਕਾਂਗੀ ਦਾ ਇਤਿਹਾਸ ਗਿਣਨਾਤਮਕ ਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਮਹੱਤਵਪੂਰਨ ਹੈ। ਲਗਭਗ ਹਰ ਨਾਟਕਕਾਰ ਦੇ ਪੂਰੇ ਨਾਟਕਾਂ ਜਿੰਨੇ ਹੀ ਇਕਾਂਗੀ ਸੰਗ੍ਰਹਿ ਵੀ ਪ੍ਰਾਪਤ ਹਨ। ਕਈ ਥਾਈਂ ਇਕਾਂਗੀ-ਸੰਗ੍ਰਹਿ ਦੀ ਗਿਣਤੀਵਧੇਰੇ ਹੈ। ਪੰਜਾਬੀ ਇਕਾਂਗੀ ਦਾ ਇਤਿਹਾਸ, ਪੰਜਾਬੀ ਨਾਟਕ ਦੇ ਇਤਿਹਾਸ, ਪੰਜਾਬੀ ਨਾਟਕ ਦੇ ਇਤਿਹਾਸ ਜਿੰਨਾ ਹੀ ਮਹੱਤਵਪੂਰਨ ਹੈ। ਜਿਸ ਦਾ ਪ੍ਰਮਾਣ ਇਹ ਹੈ ਕਿ ਪੰਜਾਬੀ ਯੂਨੀਵਰਸਿਟੀ ਨੇ ਗੁਰਦਿਆਲ ਸਿੰਘ ਫੁੱਲ ਪਾਸੋਂ ਪੰਜਾਬੀਨਾਟਕ : ਸਰੂਪ ਸਿਧਾਂਤ ਤੇ ਵਿਕਾਸ ਦੇ ਸਮਾਨਾਂਤਰ ਪੰਜਾਬੀ ਇਕਾਂਗੀ ਸਰੂਪ, ਸਿਧਾਂਤ ਤੇ ਵਿਕਾਸ ਲਿਖਵਾਇਆ ਹੈ। ਦੋਹਾਂ ਪੁਸਤਕਾਂ ਦਾ ਪਾਠ ਦਸਦਾ ਹੈ ਕਿ ਪੰਜਾਬੀ ਇਕਾਂਗੀ ਦਾ ਸਥਾਨ ਪੰਜਾਬੀ ਨਾਟਕ ਦੇ ਬਰਾਬਰ ਹੈ। ਇਹ ਉਦਾਹਰਣ ਦੇਣ ਦਾ ਮਕਸਦ ਇਹ ਹੈ ਕਿ ਪੰਜਾਬੀ ਇਕਾਂਗੀ ਦੇ ਇਤਿਹਾਸਕ ਪਰਿਪੇਖ ਨੂੰ ਉਸਾਰਿਆਂ ਇਸ ਸਿੱਟੇ ਤੇ ਪੁਜਿਆ ਜਾਏ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕਾਂਗੀ ਭਾਵੇਂ ਨਾਟਕ ਦਾ ਇਕ ਉਪਸ਼ਰੂਪ ਹੈ ਲੇਕਿਨ ਸਾਹਿਤ ਵਿਚ ਇਕਾਂਗੀ ਨੇ ਇਕ ਸੁਤੰਤਰ ਰੂਪ ਜਿੰਨਾ ਮਹੱਤਵ ਗ੍ਰਹਿਣ ਕੀਤਾ ਹੈ।

## (ੳ) 'ਮਾਂ ਦਾ ਡਿਪਟੀ' ਦੀ ਸਾਹਿਤਕ ਪਰਖ

ਸਾਹਿਤਕ ਪਰਖ ਤੋਂ ਭਾਵ ਹੈ ਕਿ ਕਿਸੇ ਰਚਨਾ ਦੇ ਸਾਹਿਤਕ ਗੁਣਾਂ ਦੀ ਪੜਚੋਲ ਕਰਨਾ, ਭਾਵ ਉਸ ਰਚਨਾ ਵਿਚ ਉਸ ਸਾਹਿਤ ਦੇ ਵੱਖ-ਵੱਖ ਤੱਤਾਂ ਦਾ ਇਸ ਦ੍ਰਿਸ਼ਟੀ ਤੋਂ ਅਧਿਐਨ ਕਰਨਾ ਕਿ ਕੀ ਉਨ੍ਹਾਂ ਦੀ ਸਹੀ ਸੰਯੋਜਨਾ ਹੋਈ ਹੈ ਅਤੇ ਦੂਜੇ ਇਹ ਹੈ ਕਿ ਉਨ੍ਹਾਂ ਤੱਤਾਂ ਨੂੰ ਵਰਤਦਿਆਂ ਲੇਖਕ ਨੇ ਵੀ ਵਿਲਖਣਤਾਵਾਂ ਪੇਸ਼ ਕੀਤੀਆਂ ਹਨ। ਇਸ ਦ੍ਰਿਸ਼ਟੀ ਤੋਂ ਕਿਸੇ ਰਚਨਾ ਦਾ ਆਲੋਚਨਾਤਮਕ ਅਧਿਐਨ ਭਾਵ ਸਾਹਿਤਕ ਪਰਖ ਕਰਦਿਆਂ ਉਸ ਰੂਪ ਦੀ ਸਰੰਚਨਾ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ।

ਜਿਵੇਂ ਕਿ ਅਸੀਂ ਪਹਿਲੇ ਪਾਠ ਵਿਚ ਦੱਸ ਆਏ ਹਾਂ ਕਿ ਇਕਾਂਗੀ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਵਿਚ ਕਿਸੇ ਘਟਨਾ ਨੂੰ ਵਾਰਤਾਲਾਪ ਰਾਹੀਂ, ਕਾਰਜ-ਭਰਪੂਰਤਾ ਨਾਲ ਪੇਸ਼ ਕੀਤਾ ਜਾਂਦਾ ਹੈ। ਇਸ ਦਾ ਇਕ ਅੰਕ ਹੁੰਦਾ ਹੈ, ਨਾਟਕ ਘਟਨਾ ਇਕ ਇਕਹਿਰੀ ਹੁੰਦੀ ਹੈ, ਥੋੜ੍ਹੇ ਪਾਤਰ ਲਏ ਜਾਂਦੇ ਹਨ ਅਤੇ ਢੁਕਵੀ ਭਾਸ਼ਾ ਤੇ ਵਾਰਤਾਲਾਪ ਦਾ ਪ੍ਰਯੋਗ ਇਸ ਪ੍ਰਕਾਰ ਕੀਤਾ ਜਾਂਦਾ ਹੈ ਕਿ ਇਕਾਂਗੀ ਰੰਗਮੰਚ ਦੇ ਮਾਧਿਅਮ ਰਾਹੀਂ ਦਰਸ਼ਕਾਂ ਤੱਕ ਸਹੀ ਸੰਚਾਰ ਕਰ ਸਕੇ। ਇਸੇ ਦ੍ਰਿਸ਼ਟੀਤੋਂ ਪਾਠ ਪੁਸਤਕ ਵਿਚਲੇ ਪਹਿਲੇ ਇਕਾਂਗੀ 'ਮਾਂ ਦਾ ਡਿਪਟੀ' ਦੀ ਸਾਹਿਤਕ ਪਰਖ ਕਰਨੀ ਯੋਗ ਹੋਵੇਗੀ।

'ਮਾਂ ਦਾ ਡਿਪਟੀ' ਆਈ. ਸੀ. ਨੰਦਾ ਦਾ ਇਕ ਪ੍ਰਸਿੱਧ ਇਕਾਂਗੀ ਹੈ ਜੋ 1929 ਵਿਚ ਲਿਖਿਆ ਗਿਆ। ਲੇਕਿਨ ਹਾਲੇ ਵੀ ਵਿਸ਼ੇ ਪੱਖੋਂ ਨਵਾਂ ਨਰੋਆ ਹੈ ਕਿਉਂਕਿ ਨੰਦਾ ਨੇ ਉਸ ਵਿਸ਼ੇ ਨੂੰ ਇਸ ਵਿਚ ਛੋਹਿਆ ਹੈ ਜਿਹੜਾ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਸਾਰਥਿਕ ਹੈ, ਭਾਵ ਬੇਰੁਜ਼ਗਾਰੀ। ਸਾਧਾਰਣ ਮਾਂ-ਪਿਓ ਔਖੇ ਹੋ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ, ਇਸ ਉਮੀਦ ਨਾਲ ਕਿ ਉਹ ਚੰਗੀ ਨੌਕਰੀ ਤੇ ਲਗਣਗੇ ਤੇ ਉਨ੍ਹਾਂ ਨੂੰ ਸੁੱਖ ਦੇਣਗੇ ਪਰ ਵਾਪਰਦਾ ਇਸ ਤੋਂ ਉਲਟ ਹੈ ਕਿਓਂਕਿ ਸਾਡੇ ਸਮਾਜੀ, ਰਾਜਸੀ ਢਾਂਚੇ ਦੀ ਬਦੌਲਤ ਬੇਰੁਜ਼ਗਾਰੀ ਦਾ ਬੋਲਬਾਲਾ ਹੈ ਤੇ ਉਨ੍ਹਾਂ ਦੀਆਂ ਆਸਾਂ ਉਤੇ ਪਾਣੀ ਫਿਰ ਜਾਂਦਾ ਹੈ।

ਆਈ. ਸੀ. ਨੰਦਾ ਨੇ ਆਪਣੇ ਇਸ ਇਕਾਂਗੀ ਵਿਚ ਇਸ ਵਿਸ਼ੇ ਨੂੰ ਬੜੇ ਢੁਕਵੇਂ ਢੰਗ ਨਾਲ ਪੇਸ਼ ਕੀਤਾ ਹੈ, ਵਸਾਵਾ ਸਿੰਘ ਅਤੇ ਉਸ ਦੀ ਪਤਨੀ ਆਪਣੇ ਪੁੱਤਰ ਨਰਾਇਣ ਨੂੰ ਕਿਸੇ ਉੱਚੇ ਅਹੁਦੇ ਤੇ ਲੱਗਾ ਵੇਖਣਾ ਚਾਹੁੰਦੇ ਹਨ ਤੇ ਨਰਾਇਣ ਦੀ ਬੇਬੇ ਉਸ ਨੂੰ ਹੁਣ ਤੋਂ ਹੀ ਡਿਪਟੀ ਕਹਿ ਕੇ ਬੁਲਾਉਂਦੀ ਹੈ ਕਿਉਂਕਿ ਉਸ ਮੁਤਾਬਿਕ ਉਸ ਨੇ ਪੜ੍ਹ ਲਿਖ ਕੇ ਡਿਪਟੀ ਬਣ ਜਾਣਾ ਹੈ, ਪਰੰਤੂ ਵਸਤੂ ਸਥਿਤੀ ਹੋਰ ਹੈ। ਮਣਾਂ ਮੂੰਹੀ ਖਰਚਾ ਕਰ ਕੇ ਜਦੋਂ ਨਰਾਇਣ ਬੀ.ਏ. ਪਾਸ ਕਰ ਜਾਂਦਾ ਹੈ ਤਾਂ ਉਸ ਨੂੰ 'ਕੋਈ ਸਾਧਾਰਣ' ਨੌਕਰੀ ਵੀ ਨਹੀਂ ਮਿਲਦੀ। ਉਸ ਨੂੰ ਉਮੀਦ ਹੈ ਕਿ ਐਮ. ਏ. ਕਰਕੇ ਨੌਕਰੀ ਮਿਲ ਸਕਦੀ ਹੈ ਪਰ ਹੁਣ ਵਸਾਵਾ ਸਿੰਘ ਵਿਚ ਹੋਰ ਪੜ੍ਹਾਉਣ ਦੀ ਹਿੰਮਤ ਨਹੀਂ ਕਿਉਂਕਿ ਉਹ ਪਹਿਲਾਂ ਹੀ ਕਰਜ਼ਾਈ ਹੋ ਚੁੱਕਾ ਹੈ। ਹੋਰ ਪੜ੍ਹਨ ਦੀ ਅਸਮਰੱਥਾ ਕਾਰਣ ਨਰਾਇਣ ਆ ਕੇ ਦੱਸਦਾ ਹੈ ਕਿ ਇਸ ਸਮੇਂ ਤਾਂ ਉਸ ਨੂੰ ਚਾਲੀ ਰੁਪਏ ਮਹੀਨਾ ਦੀ ਹੀ ਨੌਕਰੀ ਮਿਲ ਸਕਦੀ ਹੈ ਤਾਂ ਉਸ ਦੇ ਮਾਂ-ਪਿਓ ਦੇ ਸੁਪਨੇ ਚਕਨਾ ਚੂਰ ਹੋ ਜਾਂਦੇ ਹਨ ਕਿ ਤਿੰਨ-ਚਾਰ ਸੌ ਦੀ ਥਾਂ ਕੇਵਲ ਚਾਲੀ ਰੁਪਏ ਦੀ ਨੌਕਰੀ।

ਉਪਰੋਕਤ ਵਿਸ਼ੇ ਨੂੰ ਆਈ. ਸੀ. ਨੰਦਾ ਨੇ ਢੁਕਵੇਂ ਰੂਪ-ਵਿਧਾਨ ਵਿਚ ਢਾਲਿਆ ਹੈ। ਇਕਾਂਗੀ ਭਾਵੇਂ ਇਕ ਅੰਕੀ ਹੈ ਲੇਕਿਨ ਇਸ ਵਿਚ ਤਿੰਨ ਝਾਕੀਆਂ ਹਨ। ਝਾਕੀਆਂ ਵੱਧ ਹੋਣ ਕਾਰਨ ਇਹ ਇਕਾਂਗੀ ਪੂਰੇ ਨਾਟਕ ਦੀ ਝਲਕ ਵੀ ਦਿੰਦਾ ਹੈ ਕਿਉਂਕਿ ਝਾਕੀਆਂ ਵਿਚ ਸਮੇਂ ਦਾ ਵਕਫਾ ਵੀ ਹੈ ਪਰ ਇਹ ਕੇਂਦਰੀ ਘਟਨਾ ਦੁਆਲੇ, ਉਸਾਰਿਆ ਹੋਣ ਕਾਰਨ ਇਸ ਦਾ ਪਲੇਟ ਇਕਾਂਗੀ-ਰੂਪ ਲਈ ਢੁੱਕਵਾਂ ਹੈ ਕਿਉਂਕਿ ਕੇਂਦਰੀ ਘਟਨਾ ਨਰਾਇਣ ਦੇ ਰਿਜ਼ਲਟ ਆਉਣ, ਉਸ ਦੇ ਪਾਸ ਹੋਣ ਅਤੇ ਨੌਕਰੀ ਪ੍ਰਾਪਤ ਕਰਨ ਨਾਲ ਜੁੜੀ ਹੋਈ ਹੈ। ਇਕਾਂਗੀ ਵਿਚ ਨਾਟਕੀ ਗਤੀ ਤੇਜ਼ ਹੈ ਅਤੇ ਘਟਨਾਵਾਂ ਦੀ ਬੁਣਤੀ ਇੰਜ ਕੀਤੀ ਗਈ ਹੈ ਕਿ ਕਾਰਜ ਮੱਘਦਾ ਰਹਿੰਦਾ ਹੈ। ਨਰਾਇਣ ਦੇ ਸ਼ਹਿਰੋਂ ਪਿੰਡ ਆ ਕੇ ਸਭਿਆਚਾਰਕ ਵਖਰੇਵੇਂ ਨਾਲ ਜੁੜੀਆਂ ਘਟਨਾਵਾਂ ਇਕਾਂਗੀ ਦੀ ਤੋਰ ਨੂੰ ਤਿੱਖਾ ਕਰਦੀਆਂ ਹਨ ਤੇ ਅੰਗਰੇਜ਼ੀ ਭਾਸ਼ਾ ਤੇ ਪੇਂਡੂ ਭਾਸ਼ਾ ਦੇ ਟਕਰਾਅ ਵਿਚੋਂ ਵਿਅੰਗ ਵੀ

ਪੈਦਾ ਹੁੰਦਾ ਹੈ। ਇਕਾਂਗੀ ਦਾ ਕਥਾਨਕ ਬੜੇ ਸਫਲ ਢੰਗ ਨਾਲ ਉਸਰਦਾ ਹੈ। ਜਦੋਂ ਇਹ ਪਤਾ ਚਲਦਾ ਹੈ ਕਿ ਨਰਾਇਣ ਨੂੰ ਕੇਵਲ ਚਾਲੀ ਰੁਪਏ ਦੀ ਨੌਕਰੀ ਮਿਲ ਰਹੀ ਹੈ ਤਾਂ ਸਮਾਜਕ ਸਥਿਤੀ ਦਾ ਵਿਅੰਗ ਉਭਰਦਾ ਹੈ।

ਇਕਾਂਗੀ ਦਾ ਪਾਤਰ-ਜਗਤ ਵੀ ਵਿਚਾਰਨ ਵਾਲਾ ਹੈ, ਇਕਾਂਗੀ ਦੇ ਪਾਤਰ ਪੇਂਡੂ ਮਾਹੌਲ ਵਿਚ ਉਭਰਦੇ ਹਨ ਅਤੇ ਆਪਣਾ ਯਥਾਰਥਿਕ ਪ੍ਰਭਾਵ ਸਿਰਜਦੇ ਹਨ। ਇਕਾਂਗੀ ਦਾ ਪਾਤਰ, ਜਗਤ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਕੇਂਦਰ ਵਿਚ ਵਿਚਰਨ ਵਾਲੇ ਪਾਤਰ, ਜਿਨ੍ਹਾਂ ਵਿਚ ਨਰਾਇਣ ਸਿੰਘ, ਵਸਾਵਾ ਸਿੰਘ ਅਤੇ ਬੇਬੇ ਸ਼ਾਮਿਲ ਹੈ। ਦੂਜੇ ਉਹ ਪਾਤਰ ਹਨ ਜੋ ਕੇਂਦਰੀ-ਪਾਤਰਾਂ ਦੇ ਦੁਆਲੇ ਘੁੰਮਦੇ ਹਨ ਜਿਵੇਂ ਅੱਲ੍ਹਾ ਬਖਸ਼, ਨੂਰਦੀਨ, ਗੁੰਡੂ ਸ਼ਾਹ, ਡਾਕੀਆ, ਸੋਹਣ ਆਦਿ। ਕੇਂਦਰੀ ਪਾਤਰਾਂ ਵਿਚੋਂ ਵਸਾਵਾ ਸਿੰਘ ਤੇ ਬੇਬੇ ਉਨ੍ਹਾਂ ਪੇਂਡੂ ਪਾਤਰਾਂ ਦੀ ਪ੍ਰਤੀਨਿਧਤਾ ਕਰਦੇ ਹਨ ਜਿਹੜੇ ਵਿਤੋਂ ਬਾਹਰ ਜਾ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਤੇ ਉਨ੍ਹਾਂ ਦੀ ਨੌਕਰੀ, ਤਰੱਕੀ ਦੀ ਆਸ ਵਿਚ ਜਿਉਂਦੇ ਹਨ।

ਨਰਾਇਣ ਉਸ ਪੜ੍ਹੇ ਲਿਖੇ ਵਰਗ ਦਾ ਪ੍ਰਤੀਕ ਹੈ ਜਿਹੜਾ ਬੇਰੁਜ਼ਗਾਰੀ ਦੀ ਮਾਰ ਵਿਚ ਆ ਕੇ ਮਾਂ ਪਿਉ ਦੀਆਂ ਉਮੀਦਾਂ ਦੇ ਖਾਤਮੇ ਦਾ ਕਾਰਨ ਬਣਦਾ ਹੈ। ਨੰਦਾ ਨੇ ਆਪਣੇ ਪਾਤਰਾਂ ਨੂੰ ਉਨ੍ਹਾਂ ਦੇ ਸਮਾਜਿਕ ਪਿਛੋਕੜ ਵਿਚ ਉਸਾਰਿਆ ਹੈ। ਪਾਤਰ ਯਥਾਰਥਕ ਹਨ ਅਤੇ ਆਮ ਜੀਵਨ ਵਿਚੋਂ ਲਏ ਗਏ ਹਨ। ਨਰਾਇਣ ਦੇ ਪਾਤਰ ਨੂੰ 'ਸਥਿਤੀ ਦੇ ਵਿਅੰਗ' ਦਾ ਸ਼ਿਕਾਰ ਵੀ ਬਣਾਇਆ ਗਿਆ ਹੈ। ਉਹ ਸ਼ਹਿਰੋਂ ਆ ਕੇ ਅੰਗਰੇਜ਼ੀ ਬੋਲਦਾ ਹੈ ਜੋ ਬਾਕੀ ਪਾਤਰਾਂ ਲਈ ਅਜੂਬਾ ਹੈ ਅਤੇ ਇਉਂ ਵਿਅੰਗ ਦੀ ਸਿਰਜਣਾ ਹੁੰਦੀ ਹੈ। ਨਰਾਇਣ ਦੇ ਬੇਬੇ ਨਾਲ ਸਬੰਧਾਂ ਵਿਚੋਂ ਵੀ ਹਾਸ ਰਸ ਉਪਜਦਾ ਹੈ।

ਆਈ. ਸੀ. ਨੰਦਾ ਨੇ ਪੇਂਡੂ ਠੁਕਦਾਰ ਬੋਲੀ ਦਾ ਪ੍ਰਯੋਗ ਕੀਤਾ ਹੈ। ਪਾਤਰ ਮਾਝੀ ਉਪ-ਭਾਸ਼ਾ ਦਾ ਇਸਤੇਮਾਲ ਕਰਦੇ ਹਨ ਜਿਸ ਦਾ ਉਹ ਸਰੂਪ ਪੇਸ਼ ਹੋਇਆ ਹੈ ਜਿਹੜਾ ਗੁਰਦਾਸਪੁਰ ਦੇ ਇਲਾਕੇ ਦਾ ਹੈ। ਸ਼ਾਇਦ ਇਸ ਦਾ ਕਾਰਨ ਆਈ. ਸੀ. ਨੰਦਾ ਖੁਦ ਦਾ ਗੁਰਦਾਸਪੁਰ ਜ਼ਿਲ੍ਹੇ ਨਾਲ ਸੰਬੰਧਿਤ ਹੋਣਾ ਹੈ। ਇਸ ਉਪ ਭਾਸ਼ਾ ਵਿਚ 'ਆਇਆ ਸੂ', 'ਗਿਆ ਸੂ', ਭੇਜਿਆ ਸੂ' ਆਦਿ ਸਰੂਪ ਸਾਹਮਣੇ ਆਉਂਦਾ ਹੈ। ਵਾਰਤਾਲਾਪ ਦੀ ਦ੍ਰਿਸ਼ਟੀ ਤੋਂ ਇਹ ਇਕਾਂਗੀ ਮਹੱਤਵਪੂਰਨ ਹੈ। ਇਕਾਂਗੀ ਵਿਚ ਕਾਟਵੇਂ ਵਾਰਤਾਲਾਪ ਵਰਤੇ ਗਏ ਹਨ ਅਤੇ ਇਕਾਂਗੀ ਦਾ ਸ਼ਿਖਰ ਵੀ ਅਜਿਹੇ ਕਾਟਵੇਂ ਵਾਰਤਾਲਾਪ ਨਾਲ ਹੁੰਦਾ ਹੈ।

ਬੇਬੇ ਹਾਇ ਹਾਇ, ਲੋਹੜਾ ਪੈ ਜਾਏ। ਪੰਜ ਸੌ ਨਾ, ਸੱਤ ਸੌ ਨਾ, ਚਾਲੀ! ਵਾਹਿਗੁਰੂ ! ਐਡੀਆਂ ਫੀਸਾਂ ਭਰੀਆਂ ! ਸਰਕਾਰ ਨੇ ਵੀ ਲੁੱਟ ਪਾਈ ਹੋਈ ਏ।

ਵਸਾਵਾ ਸਿੰਘ : ਬਹਿ ਜਾਂ ਤਖ਼ਤ ਉੱਤੇ। ਹਰ ਵੇਲੇ ਡਿਪਟੀ ਗਾਉਂਦੀ ਹੁੰਦੀ ਸੰ।
ਹਾਇ ਮੇਰਿਆ ਰੱਬਾ ; ਮੈਂ ਕੀ ਕਰਾਂ? — ਫਾਹ ਲੈ ਲਵਾਂ। ਮੈਂ ਉਜੜ ਗਿਆ।
ਕੰਗਾਲ ਹੋ ਗਿਆ। ਕੁਝ ਨਾ ਛਡਿਆ ਏਹਨਾਂ ਪੜ੍ਹਾਈਆਂ ਨੇ ਮੇਰਾ

ਵਾਰਤਾਲਾਪ ਦੀ ਦ੍ਰਿਸ਼ਟੀ ਤੋਂ ਇਕਾਂਗੀ ਆਮ ਜੀਵਨ ਦੇ ਨੇੜੇ ਹੈ ਅਤੇ ਵਾਰਤਾਲਾਪ ਜੀਵਿੰਤ ਹਨ ਜਿਹੜੇ ਪਾਤਰਾਂ ਨੂੰ ਯਥਾਰਥ ਦੇ ਪ੍ਰਸੰਗ ਵਿਚ ਢੁਕਵੇਂ ਢੰਗ ਨਾਲ ਚਿਤਰਦੇ ਹਨ।

ਇਕਾਂਗੀ ਦਾ ਸਿਰਲੇਖ ਢੁੱਕਵਾਂ ਹੈ। ਨਰਾਇਣ ਦੀ ਬੇਬੇ ਉਸ ਨੂੰ ਡਿਪਟੀ ਲਗਿਆ ਵੇਖਣਾ ਚਾਹੁੰਦੀ ਹੈ ਜਿਸ ਕਾਰਨ ਉਸ ਨੂੰ 'ਡਿਪਟੀ ਡਿਪਟੀ' ਕਹਿ ਕੇ ਬੁਲਾਉਂਦੀ ਹੈ। ਸਿਰਲੇਖ ਵਿਚ ਇਕਾਂਗੀ ਦਾ ਦੁਖਾਂਤ ਵੀ ਲੁਕਿਆ ਹੈ ਕਿਉਂਕਿ ਨਰਾਇਣ ਨਾਂ ਦਾ ਡਿਪਟੀ ਹੀ ਰਹਿ ਜਾਂਦਾ ਹੈ ਅਤੇ ਆਪਣੇ ਜੀਵਨ ਵਿਚ ਡਿਪਟੀ ਪਦਵੀ ਪ੍ਰਾਪਤ ਨਹੀ ਕਰ ਸਕਿਆ। ਬੱਚਿਆਂ ਦੇ ਨਿੱਕੇ ਨਾਵਾਂ ਦੇ ਰੂਪ ਵਿਚ ਡੀ. ਸੀ. ਜੱਜ ਆਦਿ ਦੇ ਸੰਬੋਧਨ ਸਾਡੇ ਜੀਵਨ ਵਿਚ ਆਮ ਹਨ ਜਿਹੜੇ ਮਾਪਿਆਂ ਦੀ ਅਕਾਂਖਿਆਵਾਂ ਦਾ ਪ੍ਰਤੀਕ ਹਨ।

ਇਕਾਂਗੀਕਾਰ ਦੀ ਸਫਲਤਾ ਉਸ ਦੇ ਸ਼ੈਲੀ ਗੁਣਾਂ ਵਿਚ ਵੀ ਲੁਕੀ ਹੁੰਦੀ ਹੈ। ਆਈ. ਸੀ. ਨੰਦਾ ਦੀ ਇਕਾਂਗੀ ਕਲਾ ਦਾ ਗੁਣ ਉਸ ਦੀ ਪੇਂਡੂ-ਸ਼ੈਲੀ ਵਿਚ ਲੁਕਿਆ ਹੋਇਆ ਹੈ ਜਿਸ ਵਿਚ ਮੁਹਾਵਰੇ ਭਰਪੂਰ ਠੁਕਦਾਰ ਬੋਲੀ ਦਾ ਵਿਸ਼ੇ ਸ਼ ਦਖਲ ਹੈ। ਇਕਾਂਗੀ ਯਥਾਰਥਵਾਦੀ ਨਾਟਸ਼ਸੈਲੀ ਵਿਚ ਉਸਾਰਿਆ ਗਿਆ ਹੈ ਜਿਸ ਵਿਚ ਪਾਤਰਾਂ ਦੇ ਯਥਾਰਥਿਕ ਚਿਤਰਨ ਤੋਂ ਲੈ ਕੇ ਰੰਗਮੰਚੀ ਸੰਚਾਰ ਦੀਆਂ ਯਥਾਰਥਵਾਦੀ ਜੁਗਤਾਂ ਤੱਕ ਸਾਰੇ ਪੱਖ ਸਮੋਏ ਹਨ।

ਸਮੁੱਚੇ ਤੌਰ ਤੇ ਆਈ. ਸੀ. ਨੰਦਾ ਦਾ ਇਕਾਂਗੀ 'ਮਾਂ ਦਾ ਡਿਪਟੀ' ਦਾ ਇਕ ਮਹੱਤਵਪੂਰਨ ਇਕਾਂਗੀ ਹੈ ਜਿਸ ਵਿਚ ਆਈ. ਸੀ. ਨੰਦਾ ਨੇ ਇਕਾਂਗੀ ਕਲਾ ਦੇ ਉਹ ਸਾਰੇ ਗੁਣ ਸਮੋਏ ਹਨ ਜਿਹੜੇ ਉਸ ਨੂੰ ਇਕ ਉੱਤਮ ਇਕਾਂਗੀਕਾਰ ਦੇ ਤੌਰ ਤੇ ਸਥਾਪਿਤ ਕਰਦੇ ਹਨ।

## (ਅ) 'ਦੂਜਾ ਵਿਆਹ' ਦੀ ਸਾਹਿਤਕ ਪਰਖ

ਸੰਤ ਸਿੰਘ ਸੇਖੋਂ ਦਾ ਸਥਾਨ ਪੰਜਾਬੀ ਨਾਟ-ਖੇਤਰ ਵਿਚ ਇਤਿਹਾਸਕ ਮਹੱਤਵ ਦਾ ਧਾਰਨੀ ਹੈ। ਉਸ ਦੇ ਨਾਟਕ ਬੜੇ ਜਟਿੱਲ ਹਨ ਅਤੇ ਪੰਜਾਬੀ ਰੰਗ ਮੰਚ ਉੱਤੇ ਪੇਸ਼ ਨਹੀਂ ਹੋਏ। ਆਲੋਚਕ ਉਸ ਦੇ ਨਾਟਕਾਂ ਨੂੰ ਰੰਗ ਮੰਚ ਪੱਖੋਂ ਅਸਫਲ ਆਖਦੇ ਹਨ ਅਤੇ ਸੇਖੋਂ ਦੀ ਇਹ ਧਾਰਨਾ ਹੈ ਕਿ ਪੰਜਾਬੀ ਰੰਗਮੰਚ ਉਸ ਦੇ ਨਾਟਕਾਂ ਨੂੰ ਪੇਸ਼ ਕਰਨ ਦੇ ਯੋਗ ਨਹੀਂ। ਨਾਟਕੀ ਸਥਿਤੀ ਇਹ ਹੈ ਕਿ ਜਿਥੇ ਸੇਖੋਂ ਦੇ ਨਾਟਕ ਰੰਗਮੰਚ ਤੋਂ ਕੋਰੇ ਹਨ, ਉਸੇ ਸੇਖੋਂ ਦੇ ਇਕਾਂਗੀ ਬੱਝਵੇਂ ਪ੍ਰਭਾਵ ਵਾਲੇ ਹਨ।

ਸੇਖੋਂ ਦੇ ਚਰਚਿੱਤ ਇਕਾਂਗੀਆਂ ਵਿਚੋਂ ਇਕ ਇਕਾਂਗੀ 'ਦੂਜਾ ਵਿਆਹ' ਹੈ ਜਿਸ ਵਿਚ ਵਿਸ਼ੇ ਦੀ ਦ੍ਰਿਸ਼ਟੀ ਤੋਂ ਅਨਪੜ੍ਹਤਾ ਅਤੇ ਪੜ੍ਹਾਈ ਦਾ, ਪੁਰਾਣੀਆਂ ਅਤੇ ਨਵੀਆਂ ਕਦਰਾਂ-ਕੀਮਤਾਂ ਦਾ, ਪਿਛਾਂਹ-ਖਿੱਚੂ ਅਤੇ ਅਗਾਂਹ-ਵਧੂ ਵਿਚਾਰਾਂ ਦਾ ਟਕਰਾਅ ਪੇਸ਼ ਕੀਤਾ ਗਿਆ ਹੈ। ਜਿਸ ਸਮੇਂ ਇਹ ਇਕਾਂਗੀ ਲਿਖਿਆ ਗਿਆ ਉਦੋਂ ਇਕ ਪੜ੍ਹੀ ਲਿਖੀ ਸ਼੍ਰੇਣੀ ਸਮਾਜ ਵਿਚ ਆਪਣਾ ਸਥਾਨ ਬਣਾ ਰਹੀ ਸੀ ਤੇ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਵੰਗਾਰ ਰਹੀ ਸੀ। ਇਸ ਪੱਖੋਂ ਇਕ ਵਿਸ਼ੇਸ਼ ਖਿੱਚ ਔਰਤ ਦੀ ਬਦਲੀ ਹੋਈ ਸਥਿਤੀ ਦੀ ਹੈ ਭਾਵੇਂ ਨਵੀਂ ਔਰਤ (ਪੜ੍ਹੀ ਲਿਖੀ ਔਰਤ) ਨਵੀਆਂ ਲੀਹਾਂ ਪਾ ਰਹੀ ਹੈ ਅਤੇ ਪੜ੍ਹਿਆ-ਲਿਖਿਆ ਪੁਰਸ਼ ਉਸ ਦੇ ਇਸ ਵਿਵਹਾਰ ਨਾਲ ਤੁਰ ਰਿਹਾ ਹੈ।

ਇਕਾਂਗੀ ਵਿਚ ਕੇਂਦਰੀ ਪਾਤਰ ਮਨਜੀਤ ਹੈ ਜੋ ਪੜ੍ਹੀ ਲਿਖੀ ਹੈ ਅਤੇ ਆਪਣੇ ਜੀਵਨ-ਸਾਥੀ ਸੁਖਦੇਵ ਸਿੰਘ ਨਾਲ ਰਲ ਕੇ ਨਵੇਂ ਜੀਵਨ ਵਿਹਾਰ ਅਨੁਸਾਰ ਜੀਅ ਰਹੀ ਹੈ। ਦੂਜੇ ਪਾਸੇ ਉਸ ਦੀ ਸੱਸ ਨਿਹਾਲ ਕੌਰ ਜਿਸ ਨੂੰ ਉਸ ਦਾ ਇੰਜ ਖੁਲ੍ਹੇ ਆਮ ਵਿਚਰਨਾ, ਪਤੀ ਦਾ ਨਾਂ ਲੈ ਕੇ ਬੁਲਾਉਣਾ, ਇਸਤਰੀ ਸਭਾ ਨਾਲ ਜੁੜੇ ਹੋਣਾ ਪਸੰਦ ਨਹੀਂ। ਉਹ ਵਾਰ-ਵਾਰ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਨ ਦਾ ਡਰਾਵਾ ਦੇਂਦੀ ਹੈ।

ਇਕਾਂਗੀ ਦਾ ਵਿਸ਼ਾ ਇਸ ਗੱਲ ਨੂੰ ਵੀ ਉਭਾਰਦਾ ਹੈ ਕਿ ਦੂਜੇ ਨੂੰ ਤਕਲੀਫ ਦੇਣਾ ਉਦੋਂ ਤੱਕ ਹੀ ਸੌਖਾ ਕੰਮ ਲੱਗਦਾ ਹੈ ਜਦੋਂ ਤੱਕ ਤਕਲੀਫ ਵਿਚ ਨਾ ਪਿਆ ਜਾਏ। ਇਕਾਂਗੀਕਾਰ ਨੇ ਇਸ ਦੀ ਸਪੱਸ਼ਟਤਾ ਲਈ ਪਰੰਪਰਕ ਨੂੰਹ-ਸੱਸ ਵਾਲੀ ਜੁਗਤ ਵਰਤੀ ਹੈ। ਨਿਹਾਲ ਕੌਰ ਪੁਰਾਣੀ ਪੀੜ੍ਹੀ ਦੀ ਪ੍ਰਤਿਨਿਧ ਹੈ ਅਤੇ ਮਨਜੀਤ ਨਵੀਂ ਦੀ। ਪੁਰਾਣੇ ਨੂੰ ਨਵਾਂ ਪਸੰਦ ਨਹੀਂ। ਭਾਵ ਨਿਹਾਲ ਕੌਰ ਨੂੰ ਮਨਜੀਤ ਪਸੰਦ ਨਹੀਂ। ਉਹ ਪਰੰਪਰਕ ਸੱਸਾਂ ਵਾਂਗ ਉਸ ਨੂੰ ਤੰਗ ਕਰਦੀ ਹੈ, ਤਾਅਨੇ-ਮਿਹਣੇ ਦਿੰਦੀ ਹੈ ਅਤੇ ਪੁੱਤਰ ਦਾ 'ਦੂਜਾ ਵਿਆਹ' ਕਰਨ ਦਾ ਡਰਾਵਾ ਦਿੰਦੀ ਹੈ। ਇਕਾਂਗੀਕਾਰ ਇਕ ਨਾਟਕੀ-ਸਥਿਤੀ ਰਾਹੀਂ ਵਿਸ਼ੇ ਨੂੰ ਨਵਾਂ ਮੋੜ ਦਿੰਦਾ ਹੈ। ਅਚਾਨਕ ਨਿਹਾਲ ਕੌਰ ਨੂੰ ਇਕ ਚਿੱਠੀ ਦੁਆਰਾ ਨੂੰਹ ਪ੍ਰਤੀ ਬੇਰੁਖੀ ਦਾ ਅਹਿਸਾਸ ਹੋ ਜਾਂਦਾ ਹੈ,ਭਾਵੇਂ ਕਿ ਬਾਅਦ ਵਿਚ ਪਤਾ ਚਲ ਜਾਂਦਾ ਹੈ ਕਿ ਇਹ ਚਿੱਠੀ ਮਜ਼ਾਕ ਵਿਚ ਲਿਖੀ ਗਈ ਸੀ ਪਰੰਤੂ ਇਹ ਨਾਟਕੀ-ਘਟਨਾ ਨਿਹਾਲ ਕੌਰ ਨੂੰ ਸਿੱਧੇ ਰਸਤੇ ਪਾਉਂਦੀ ਹੈ।

ਇਕਾਂਗੀ ਦਾ ਮੂਲ ਵਿਸ਼ਾ 'ਪਤਝੜੇ ਪੁਰਾਣੇ ਰੁੱਤ ਨਵਿਆਂ ਦੀ ਆਈ' ਦੇ ਦੁਆਲੇ ਘੁੰਮਦਾ ਹੈ। ਪੜ੍ਹਾਈ ਲਿਖਾਈ ਦੀ ਨਵੀਂ ਰੌਸ਼ਨੀ ਨੇ ਜੀਵਨ ਮਿਆਰਾਂ ਅਤੇ ਜੀਵਨ ਜਾਂਚ ਵਿਚ ਤਬਦੀਲੀਆਂ ਲਿਆਂਦੀਆਂ ਹਨ ਅਤੇ ਪੁਰਾਣੀ ਪੀੜ੍ਹੀ ਨੂੰ ਇਹ ਤਬਦੀਲੀਆਂ ਸਵੀਕਾਰ ਕਰਨ ਲਈ ਤਿਆਰ ਹੋਣਾ ਪਵੇਗਾ। ਪੁਰਾਣੇ ਨੇ ਹਮੇਸ਼ਾਂ ਨਵੇਂ ਲਈ ਰਾਹ ਛੱਡਣਾ ਹੈ। ਇਕਾਂਗੀ ਇਸ ਨਵੇਂ ਤੇ ਪੁਰਾਣੇ ਦੇ ਦਵੰਦਾਂ ਨੂੰ ਕਾਮਯਾਬੀ ਨਾਲ ਪੇਸ਼ ਕਰਦਾ ਹੈ।

ਇਕਾਂਗੀਕਾਰ ਨੇ ਵਿਸ਼ੇ ਨੂੰ ਢੁਕਵੇਂ ਰੂਪ ਵਿਧਾਨ ਵਿਚ ਢਾਲਿਆ ਹੈ। ਕਿਸੇ ਵੀ ਇਕਾਂਗੀ ਦਾ ਇਹ ਉੱਤਮ ਗੁਣ ਹੁੰਦਾ ਹੈ ਕਿ ਨਾਟਕੀ-ਕਾਰਜ ਇਕ ਗਤੀ ਵਿਚ ਚਲੇ ਤੇ ਅੰਤ ਉੱਤੇ ਜਾ ਕੇ ਇਕ ਦਮ ਕੋਈ ਸ਼ਿਖਰ ਆਵੇ। 'ਦੂਜਾ ਵਿਆਹ' ਦਾ ਕਥਾਨਕ ਇਨ੍ਹਾਂ ਹੀ ਪੱਖਾਂ ਤੋਂ ਮਹੱਤਵਪੂਰਨ ਹੈ। ਇਕਾਂਗੀ ਵਿਚ ਨਿਹਾਲ ਕੌਰ ਆਪਣੀ ਨੂੰਹ ਮਨਜੀਤ ਦੀ ਜੀਵਨ-ਸ਼ੈਲੀ ਨੂੰ ਪਸੰਦ ਨਹੀਂ ਕਰਦੀ ਤੇ ਉਸ ਨੂੰ ਘਰੋਂ ਕੱਢਣ ਲਈ ਤਿਆਰ ਬੈਠੀ ਹੈ ਪਰ ਨਾਟਕੀ-ਘਟਨਾ ਵਿਚ ਇਕ ਦਮ ਤਬਦੀਲੀ ਆਉਂਦੀ ਹੈ ਜਦੋਂ ਨਿਹਾਲ ਕੌਰ ਦੀ ਧੀ ਦੀ ਚਿੱਠੀ ਆਉਂਦੀ ਹੈ ਕਿ ਉਸ ਦਾ ਜਵਾਈ ਦੂਜਾ ਵਿਆਹ ਕਰਾਉਣ ਲੱਗਾ ਹੈ। ਬਾਅਦ ਵਿਚ ਸੁਖਦੇਵ ਕੌਰ ਦੇ ਆਉਣ ਤੇ ਪਤਾ ਚੱਲਦਾ ਹੈ ਕਿ ਉਸ ਦੇ ਘਰ ਵਾਲੇ ਨੇ ਡਰਾਵਾ ਦੇਣ ਲਈ ਆਪ ਹੀ ਸੁਖਦੇਵ ਕੌਰ ਵੱਲੋਂ ਚਿੱਠੀ ਲਿਖ ਦਿੱਤੀ ਹੈ। ਸਿਖਰ ਤੇ ਜਾ ਕੇ ਵਾਤਾਵਰਣ ਸਹਿਜ ਹੋ ਜਾਂਦਾ ਹੈ ਤੇ ਨਿਹਾਲ ਕੌਰ ਨੂੰ ਧੀ ਦੇ ਸੰਭਾਵਿਤ ਦੁੱਖ ਦਾ ਖਿਆਲ ਕਰਕੇ ਨੂੰਹ ਨੂੰ ਦਿੱਤੇ ਦੁੱਖਾਂ ਦਾ ਅਹਿਸਾਸ ਹੋ ਜਾਂਦਾ ਹੈ।

ਇਕਾਂਗੀ ਦੇ ਪਾਤਰਾਂ ਵਿਚ ਭਾਵੇਂ ਦੋ ਧਿਰਾਂ ਨਜ਼ਰ ਆਉਂਦੀਆਂ ਹਨ ਪਰੰਤੂ ਬਹੁਤੇ ਪਾਤਰ ਇਕ ਧਿਰ ਭਾਵ ਮਨਜੀਤ ਵਲ ਹਨ ਅਤੇ ਨਿਹਾਲ ਕੌਰ ਵਾਲੀ ਧਿਰ ਵਿਚ ਉਹ ਇਕੱਲੀ ਹੈ। ਨਿਹਾਲ ਕੌਰ ਦਾ ਮੁੰਡਾ ਤਾਂ ਮਨਜੀਤ ਕੌਰ ਦਾ ਪੱਖ

ਪੂਰਦਾ ਹੀ ਹੈ, ਨਿਹਾਲ ਕੌਰ ਦਾ ਘਰ ਵਾਲਾ ਗੁਰਦਿੱਤ ਸਿੰਘ ਵੀ ਮਨਜੀਤ ਨਾਲ ਹੀ ਖਲੌਂਦਾ ਹੈ। ਦਰਅਸਲ ਸੇਖੋਂ ਨੇ ਨਿਹਾਲ ਕੌਰ ਨੂੰ ਇਕ ਪਰੰਪਰਕ ਲੜਾਕੀ ਸੱਸ ਦੇ ਰੂਪ ਵਿਚ ਪੇਸ਼ ਕੀਤਾ ਹੈ ਜਿਹੜੀ ਆਪਣੀ ਨੂੰਹ ਨੂੰ ਪਸੰਦ ਨਹੀਂ ਕਰਦੀ। ਇਸਦੇ ਮਨੋਵਿਗਿਆਨਕ ਕਾਰਨ ਵੀ ਹੁੰਦੇ ਹਨ। ਸੱਸ ਦਾ ਨੂੰਹ ਤੋਂ ਖਿਝਣਾ ਅਸਲ ਵਿਚ ਉਸ ਦੇ ਘਰ ਅਤੇ ਪੁੱਤਰ ਤੋਂ ਅਧਿਕਾਰ ਖੁੱਸ ਜਾਣ ਦੀ ਮਨੋਵਿਗਿਆਨਕ ਪਰੇਸ਼ਾਨੀ ਵਿਚੋਂ ਹੁੰਦਾ ਹੈ, ਨੂੰਹ ਦੇ ਸਜਣ-ਸੰਵਰਣ ਵਿਚੋਂ ਉਸ ਨੂੰ ਇਕ ਔਰਤ ਦੇ ਤੌਰ ਤੇ ਅਜਿਹਾ ਕੁਝ ਪ੍ਰਾਪਤ ਨਾ ਹੋਣ ਦਾ ਅਹਿਸਾਸ ਕਰਾਉਣਾ ਹੈ। ਇਕਾਂਗੀ ਦੀ ਕੇਂਦਰੀ ਪਾਤਰ ਮਨਜੀਤ ਹੈ ਜੋ ਪੜ੍ਹੀ ਲਿਖੀ ਔਰਤ ਦੀ ਪ੍ਰਤੀਕ ਹੈ ਜਿਹੜੀ ਆਪਣੇ ਹੱਕਾ ਪ੍ਰਤੀ ਚੇਤੰਨ ਹੈ ਹੀ, ਇਸ ਦੇ ਨਾਲ ਨਾਲ ਹੱਕਾਂ ਦੀ ਰਾਖੀ ਲਈ ਬਣੀ ਇਸਤਰੀ ਸਭਾ ਦੇ ਮਹੱਤਵ ਤੋਂ ਵੀ ਜਾਣੂ ਹੈ। ਉਹ ਨਿਹਾਲ ਕੌਰ ਨਾਲ ਪਰੰਪਰਕ ਢੰਗ ਨਾਲ ਨਹੀਂ ਲੜਦੀ ਸਗੋਂ ਸਹਿਜ ਰੂਪ ਵਿਚ ਵਿਚਰਦੀ ਹੋਈ ਆਪਣੀਆਂ ਗੱਲਾਂ ਵੀ ਮੰਨਵਾ ਲੈਂਦੀ ਹੈ।

ਮਨਜੀਤ : ਆਹੋ, ਮਾਂ ਜੀ ਸੁਖਰਾਜ ਨੇ ਆਉਣੇ।

ਨਿਹਾਲ ਕੌਰ : ਨੀ ਉਹ ਕੌਣ ਐ? ਤੇਰੇ ਭਰਾ ਦਾ ਨਾਉਂ ਤਾਂ ਕੁਝ ਹੋਰ ਐ।

ਮਨਜੀਤ ਕੌਰ : ਮਾਂ ਜੀ, ਇਹ ਸਾਡੀ ਜ਼ਿਲ੍ਹੇ ਦੀ ਸਭਾ ਦੀ ਸਕੱਤਰ ਐ।

ਨਿਹਾਲ ਕੌਰ : ਇਹ ਕਿਥੋਂ ਦੀ ਐ : ਗੁਆਂਢਣ ਅਰਰਗੀ ਤਾਂ ਨਹੀਂ ਕੋਈ ਛੁੱਟੜ ?

ਮਨਜੀਤ : ਮਾਂ ਜੀ, ਗੁਆਂਢਣ ਤੇ ਐਨੀ ਕਰੋਪੀ ਕਾਹਦੀ ਆਉਂਦੀ ਐ ਤੁਹਾਨੂੰ ?

ਨਿਹਾਲ ਕੌਰ : ਆਵੇ ਨਾ ? ਤੇਰੀ ਅਰਰਗੀਆਂ ਨੂੰ ਵਿਗਾੜਦੀ ਐ। ਸਭਾ ਬਣਾਉਂਦੀਆਂ ਨੇ ਇਹ, ਕੀ ਕਰੋਗੀਆਂ ਤੁਸੀਂ ਸਭਾ ਨਾਲ ? ਜ਼ਮੀਨਾਂ ਵਿਚੋਂ ਹਿੱਸੇ ਦਵਾਉਣਗੀਆਂ ਇਹ। ਆਪਣੇ ਪਿਉ ਦੀ ਜ਼ਮੀਨ 'ਚੋਂ ਲਿਆ ਤਾਂ ਪਹਿਲੋ ਤੂੰ ਹੀ ਹਿੱਸਾ।

ਮਨਜੀਤ : ਫੇਰ ਤਾਂ ਨਹੀਂ ਤੂੰ ਆਪਣੇ ਪੁੱਤ ਦਾ ਦੂਜਾ ਵਿਆਹ ਕਰਾਵੇਂਗੀ, ਮਾਂ ਜੀ ?

ਇਕਾਂਗੀ ਦੇ ਪਾਤਰਾਂ ਵਾਂਗ ਹੀ ਇਕਾਂਗੀ ਦੇ ਵਾਰਤਾਲਾਪ ਜੀਵੰਤ ਹਨ ਕਿਉਂਕਿ ਵਾਰਤਾਲਾਪ ਇਕਾਂਗੀ ਦੀ ਜਿੰਦ-ਜਾਨ ਹੁੰਦੇ ਹਨ। ਪਾਤਰ-ਉਸਾਰੀ ਤੋਂ ਲੈ ਕੇ ਕਥਾਨਕ-ਉਸਾਰੀ ਤੱਕ ਦੇ ਵਿਸ਼ੇ ਦੇ ਸੰਚਾਰ ਤੱਕ ਹਰ ਪੱਖ ਵਾਰਤਾਲਾਪ ਰਾਹੀਂ ਹੀ ਉਭਰਨਾ ਹੁੰਦਾ ਹੈ। ਠੇਠ ਭਾਸ਼ਾ ਵਿਚ ਉਸਰੇ ਵਾਰਤਾਲਾਪ ਨਾਟਕੀ ਕਾਰਜ ਨੂੰ ਮਘਾਉਣ ਦਾ ਕਾਰਜ ਵੀ ਕਰਦੇ ਹਨ ਤੇ ਨਾਟਕੀ-ਸ਼ਿਖਰ ਨੂੰ ਲਿਆਉਣ ਦਾ ਵੀ। ਇਕਾਂਗੀ ਦਾ ਆਰੰਭਕ ਵਾਰਤਾਲਾਪ ਇਕੋ ਵੇਲੇ ਨਾਟਕੀ ਕਾਰਜ ਨੂੰ ਮਘਾਉਂਦਾ ਵੀ ਹੈ ਤੇ ਨਾਟਕ ਦੇ ਦੋਵੇਂ ਮਹੱਤਵਪੂਰਣ ਪਾਤਰਾਂ ਦਾ ਸੁਭਾ ਦੇ ਪਹਿਚਾਣ ਵੀ ਕਰਾਉਂਦਾ ਹੈ।

ਇਕਾਂਗੀ ਦਾ ਸਿਰਲੇਖ ਖਿਚ-ਪਾਊ ਹੈ। ਸਾਡੇ ਸਮਾਜ ਵਿਚ ਦੂਜਾ ਵਿਆਹ ਵਿਸ਼ੇਸ਼ ਸਮਾਜਿਕ ਪਰਿਸਥਿਤੀਆਂ ਅਤੇ ਕਾਰਨਾਂ ਵਿਚੋਂ ਪੈਦਾ ਹੁੰਦਾ ਹੈ। ਭਾਵੇਂ ਦੂਜੇ ਵਿਆਹ ਦੇ ਵਿਸ਼ੇਸ਼ ਸਭਿਆਚਾਰਕ ਅਰਥ ਹਨ, ਇਉਂ ਇਕਾਂਗੀ ਦਾ ਸਿਰਲੇਖ ਸੁਝਾਊ ਹੈ ਜਿਸ ਵਿਚ ਉਤਸੁਕਤਾ ਕਾਇਮ ਰਹਿੰਦੀ ਹੈ ਕਿ ਦੂਜਾ ਵਿਆਹ ਕਿਸ ਦਾ ? ਜਾਂ ਕਿਉਂ ਇਹੋ ਪੱਖ ਮਹੱਤਵਪੂਰਨ ਹਨ।

ਇਕਾਂਗੀ ਰੰਗਮੰਚ ਪੱਖੋਂ ਸਫਲ ਜਾਪਦਾ ਹੈ। ਸਾਰਾ ਕਾਰਜ ਇਕੋ ਥਾਂ ਤੇ ਵਾਪਰਦਾ ਹੈ। ਜਿਸ ਕਾਰਨ ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਕਾਇਮ ਰਹਿੰਦੀ ਹੈ। ਬਹੁਤ ਥੋੜ੍ਹੀ ਸਮੱਗਰੀ ਦੀ ਵਰਤੋਂ ਹੋਈ। ਇਕਾਂਗੀਕਾਰ ਵਲੋਂ ਮੰਚ-ਸੱਜਾ ਬਾਰੇ ਕੋਈ ਵਿਸ਼ੇਸ਼ ਟਿੱਪਣੀ ਨਹੀਂ ਦਿੱਤੀ ਗਈ ਲੇਕਿਨ ਪਾਤਰਾਂ ਦੇ ਕਾਰਜ ਦੀ ਪਹਿਚਾਣ ਵਿਚੋਂ ਹੀ ਦ੍ਰਿਸ਼ ਸੱਜਾ ਦਾ ਪਤਾ ਚਲ ਜਾਂਦਾ ਹੈ :

ਮਨਜੀਤ ਚੁੱਲ੍ਹੇ-ਚੌਕੇ ਵਿਚ ਦੁਪਹਿਰ ਦੀ ਰੋਟੀ ਦਾ ਆਹਰ-ਪਾਹਰ ਕਰਦੀ ਇਕ ਥਾਂ ਤੋਂ ਦੂਜੀ, ਦੂਜੀ ਤੋਂ ਤੀਜੀ ਥਾਂ ਘੁੰਮਦੀ ਫਿਰਦੀ ਹੈ। ਥੋੜ੍ਹੀ ਵਿੱਥ ਉਤੇ ਇਕ ਨੁਕਰ ਵਿਚ ਚਰਖਾ ਡਾਹੀ ਨਿਹਾਲ ਕੌਰ ਕੱਤ ਰਹੀ ਹੈ।

ਇਕਾਂਗੀਕਾਰ ਨੇ ਕੋਈ ਵਿਸ਼ੇਸ਼ ਰੰਗਮੰਚੀ ਜੁਗਤਾਂ ਨਹੀਂ ਵਰਤੀਆਂ ਪਰੰਤੂ ਉਸ ਦੇ ਕਥਾਨਕ ਵਿਚਲੇ ਨਾਟਕੀ-ਸ਼ਿਖਰ ਵਾਲੀ ਘਟਨਾ ਰੰਗਮੰਚੀ-ਜੁਗਤਾਂ ਦਾ ਰੂਪ ਧਾਰ ਜਾਂਦੀ ਹੈ। ਪਹਿਲਾਂ ਸੁਖਦੇਵ ਕੌਰ ਵਲੋਂ ਆਈ ਚਿੱਠੀ ਨਾਟਕ-ਕਾਰਜ ਨੂੰ ਝਟਕਾ ਦਿੰਦੀ ਹੈ ਅਤੇ ਮੁੜ ਸੁਖਦੇਵ ਕੌਰ ਦੀ ਆਮਦ ਅਤੇ ਚਿੱਠੀ ਦੀ ਵਿਆਖਿਆ ਵਿਸ਼ੇਸ਼ ਰੰਗਮੰਚੀ ਮਾਹੌਲ ਸਿਰਜਦੀ ਹੈ।

ਇਕਾਂਗੀਕਾਰ ਨੂੰ ਪੇਂਡੂ ਜੀਵਨ ਦਾ ਡੂੰਘਾ ਅਨੁਭਵ ਹੈ। ਉਸ ਦੀ ਸ਼ੈਲੀ ਵਿਚ ਪੇਂਡੂ ਜੀਵਨ ਦੀ ਪੇਸ਼ਕਾਰੀ ਤੋਂ ਇਲਾਵਾ ਪਾਤਰ ਚਿਤਰਨ ਦੇ ਗੁਣ ਵਿਸ਼ੇਸ਼ ਰੂਪ ਵਿਚ ਮੌਜੂਦ ਹਨ ਪਰੰਤੂ ਸਿਧਾਂਤਕ ਤੌਰ ਤੇ ਲੇਖਕ ਨੇ ਇਕ ਟਪਲਾ ਖਾਧਾ

ਹੈ ਜਦੋਂ ਉਹ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਟਕਰਾਓ ਨੂੰ ਪੇਸ਼ ਕਰਦਾ ਹੋਇਆ ਗੱਲ ਕੇਵਲ ਨਿਹਾਲ ਕੌਰ ਤੇ ਕੌੜੇ ਸੁਭਾਅ ਤੇ ਕੇਂਦਰਿਤ ਕਰ ਦਿੰਦਾ ਹੈ। ਕਿਉਂਕਿ ਪੁਰਾਣੀ ਪੀੜ੍ਹੀ ਦਾ ਹੀ ਗੁਰਦਿੱਤ ਸਿੰਘ, ਨਿਹਾਲ ਕੌਰ ਤੇ ਵੱਖਰੀ ਥਾਂ ਤੇ ਖੜ੍ਹਾ ਹੈ। ਸਮੁੱਚੇ ਰੂਪ ਵਿਚ ਇਹ ਇਕ ਸਫ਼ਲ ਇਕਾਂਗੀ ਹੈ।

**(ੳ) ਆਈ. ਸੀ. ਨੰਦਾ ਦੀ ਇਕਾਂਗੀ-ਕਲਾ**

ਪੰਜਾਬੀ ਇਕਾਂਗੀ ਦੇ ਇਤਿਹਾਸਕ ਪਰਿਪੇਖ ਦਾ ਅਧਿਐਨ ਕਰਦਿਆਂ ਅਸੀਂ ਇਹ ਜਾਣਿਆ ਸੀ ਕਿ ਆਧੁਨਿਕ ਪੰਜਾਬੀ ਦਾ ਮੁੱਢ ਆਈ. ਸੀ. ਨੰਦਾ ਤੋਂ ਬੱਝਾ। ਜਿਸ ਨੇ ਸ੍ਰੀਮਤੀ ਨੋਰਾ ਰਿਚਰਡਜ਼ ਦੀ ਪ੍ਰੇਰਨਾ ਅਧੀਨ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਆਪਣੇ ਪ੍ਰਥਮ ਇਕਾਂਗੀ ਦੁਲਹਨ (ਸੁਹਾਗ) ਰਾਹੀਂ ਪੰਜਾਬੀ ਨਾਟ-ਖੇਤਰ ਵਿਚ ਪ੍ਰਵੇਸ਼ ਕੀਤਾ, ਨਾ ਕੇਵਲ ਆਈ. ਸੀ. ਨੰਦਾ ਬਲਕਿ ਹਰਚਰਨ ਸਿੰਘ, ਬਲਵੰਤ ਗਾਰਗੀ ਆਦਿ ਨਾਟਕਕਾਰ ਮੁੱਢਲੇ ਦੌਰ ਵਿਚ ਨੌਰਾ ਰਿਡਰਡਜ਼ ਦੀ ਪ੍ਰੇਰਨਾ ਨਾਲ ਪੰਜਾਬੀ ਨਾਟਕ ਖੇਤਰ ਵਿਚ ਆਏ। ਆਈ. ਸੀ. ਨੰਦਾ ਨੂੰ ਪੰਜਾਬੀ ਨਾਟਕ ਦਾ ਮੋਢੀ ਹੋਣ ਦਾ ਮਾਣ ਪ੍ਰਾਪਤ ਹੈ।

ਆਈ. ਸੀ. ਨੰਦਾ ਦੀ ਇਕਾਂਗੀ ਕਲਾ ਨੂੰ ਜਾਨਣ ਅਤੇ ਪਰਖਣ ਲਈ ਨਿਮਨਲਿਖਤ ਪੱਖਾਂ ਵਲ ਧਿਆਨ ਦੇਣਾ ਜ਼ਰੂਰੀ ਹੈ :

(1) ਉਸ ਸਮੇਂ ਪੰਜਾਬੀ ਵਿੱਚ ਇਕਾਂਗੀ-ਰੂਪ ਪੱਛਮ ਦੇ ਪ੍ਰਭਾਵ ਹੇਠ ਵਿਕਸਿਤ ਹੋਇਆ ਅਤੇ ਪੱਛਮ ਵਿੱਚ ਉਸ ਸਮੇਂ ਚਲ ਰਹੀ ਯਥਾਰਥਵਾਦੀ ਨਾਟ-ਸ਼ੈਲੀ ਇਸ ਦੀ ਪ੍ਰੇਰਕ-ਸ਼ਕਤੀ ਸੀ। ਸਪੱਸ਼ਟ ਹੈ ਕਿ ਆਈ. ਸੀ. ਨੰਦਾ ਨੇ ਆਪਣੇ ਇਕਾਂਗੀ ਵਿਚ ਸ਼ੈਲੀ ਦੇ ਪ੍ਰਭਾਵ ਅਧੀਨ ਲਿਖੇ ਜਿਸ ਵਿਚ ਸਮੱਸਿਆਵਾਂ ਦੀ ਯਥਾਰਥਕ ਪੇਸ਼ਕਾਰੀ ਪ੍ਰਮੁੱਖ ਸੀ।

(2) ਪੰਜਾਬੀ ਇਕਾਂਗੀ ਦਾ ਜਨਮ ਵਿਦਿਅਕ ਅਦਾਰਿਆਂ ਵਿਚ ਹੋਇਆ, ਇਨ੍ਹਾਂ ਵਿਦਿਅਕ ਅਦਾਰਿਆਂ ਦਾ ਮਾਹੌਲ ਇਸ ਦੇ ਵਿਕਾਸ ਵਿਚ ਅਹਿਮ ਸਥਾਨ ਰੱਖਦਾ ਹੈ, ਇਸ ਲਈ ਇਸ ਵਿਚ 'ਸਿੱਖਿਆ ਅਤੇ ਉਪਦੇਸ਼' ਸ਼ਾਮਿਲ ਹੈ।

(3) ਇਕਾਂਗੀ ਭਾਵੇਂ ਪੱਛਮੀ ਸਾਹਿਤ ਰੂਪ ਸੀ ਲੇਕਿਨ ਪੰਜਾਬੀ ਪੰਜਾਬੀ ਇਕਾਂਗੀ ਦੇ ਰਚਣਹਾਰਿਆਂ ਵਿਸ਼ੇਸ਼ ਕਰ ਆਈ.ਸੀ.ਨੰਦਾ ਦਾ ਪਿਛੋਕੜ ਪਿੰਡ ਦਾ ਸੀ। ਇਸ ਲਈ ਇਸ ਵਿਚ ਲੋਕ-ਬੋਲੀ ਦਾ ਸਮਾਵੇਸ਼ ਹੋਇਆ ਅਤੇ ਪੱਛਮੀ ਰੂਪ ਹੋਣ ਦੇ ਬਾਵਜੂਦ ਇਹ ਪੰਜਾਬੀ ਜਨ-ਜੀਵਨ ਨਾਲ ਜੁੜਿਆ ਰਿਹਾ।

(4) ਪੰਜਾਬੀ ਇਕਾਂਗੀ ਮੁੱਢ ਤੋਂ ਸਮਾਜਿਕ ਸਮੱਸਿਆਵਾਂ ਦੀ ਪੇਸ਼ਕਾਰੀ ਦਾ ਵਾਹਕ ਬਣਿਆ ਜਿਸ ਪਿੱਛੇ ਨੌਰਾ ਰਿਚਰਡਜ਼ ਦੀ ਆਪਣੀ ਵਿਚਾਰਧਾਰਾ ਵੀ ਸੀ। ਇਸ ਲਈ ਅਨਪੜ੍ਹਤਾ, ਵਹਿਮ-ਭਰਮ, ਇਸਤਰੀ ਦੀ ਆਜ਼ਾਦੀ ਆਦਿ ਮਸਲੇ ਪੰਜਾਬੀ ਇਕਾਂਗੀ ਦਾ ਵਿਸ਼ਾ ਬਣੇ।

(5) ਸ਼ਿਲਪ ਦੀ ਦ੍ਰਿਸ਼ਟੀ ਤੋਂ ਪੰਜਾਬੀ ਇਕਾਂਗੀ ਦਾ ਸਰੂਪ ਪੱਛਮੀ ਇਕਾਂਗੀ ਵਾਲਾ ਹੀ ਸੀ। ਲੇਕਿਨ ਇਸ ਵਿਚ ਪੰਜਾਬ ਦਾ ਜਨ-ਜੀਵਨ ਪ੍ਰਮੁੱਖ ਹੋਣ ਕਾਰਨ ਪੰਜਾਬੀ ਭਾਸ਼ਾ ਦਾ ਪੇਂਡੂ ਸਰੂਪ ਹਾਵੀ ਸੀ। ਪੱਛਮੀ ਇਕਾਂਗੀ ਦੇ ਮੁਕਾਬਲੇ ਇਸ ਵਿੱਚ ਪ੍ਰਤੀਕ ਦੀ ਵਰਤੋਂ ਮੁੱਢ ਵਿੱਚ ਘਟ ਹੋਈ। ਸ਼ਾਇਦ ਇਸ ਲਈ ਉਦੋਂ ਪੰਜਾਬੀ ਪਾਠਕ-ਦਰਸ਼ਕ ਲਈ ਇਹ ਨਵੀਂ ਚੀਜ਼ ਸੀ। ਬਾਅਦ ਵਿਚ ਬਲਵੰਤ ਗਾਰਗੀ ਨੇ ਪ੍ਰਤੀਕਾਂ ਨੂੰ ਅਗਰਭੂਮੀ ਵਿਚ ਲਿਆਂਦਾ।

(6) ਰੰਗਮੰਚ ਦੀ ਦ੍ਰਿਸ਼ਟੀ ਤੋਂ ਪੰਜਾਬੀ ਇਕਾਂਗੀ ਸਕੂਲਾਂ, ਕਾਲਜਾਂ, ਅਤੇ ਸ਼ੌਕੀਆ ਮੰਚਾਂ ਰਾਹੀਂ ਪ੍ਰਵਾਨ ਚੜ੍ਹਿਆ। ਆਈ. ਸੀ. ਨੰਦਾ ਦੀ ਇਕਾਂਗੀ-ਕਲਾ ਉਪਰੋਕਤ ਨੁਕਤਿਆਂ ਦੇ ਪ੍ਰਸੰਗ ਵਿੱਚ ਉਭਰਦੀ ਹੈ। ਨੰਦਾ ਨੇ ਪੂਰ ਨਾਟਕਾਂ ਦੇ ਮੁਕਾਬਲੇ ਇਕਾਂਗੀ ਵਧੇਰੇ ਗਿਣਤੀ ਵਿੱਚ ਲਿਖੇ। ਉਸ ਦੇ ਪੂਰੇ ਨਾਟਕ ਦੋ ਹੀ ਹਨ :

(1) ਸੁਭਦਰਾ

(2) ਵਰ ਘਰ ਜਾਂ ਲਿਲੀ ਦਾ ਵਿਆਹ

ਤੀਜਾ ਪੂਰਾ ਨਾਟਕ 'ਸ਼ਾਮੂ ਸ਼ਾਹ' ਸ਼ੈਕਸਪੀਅਰ ਦੇ ਨਾਟਕ ਮਾਰਚੈਂਟ ਆਫ ਵੀਨਸ ਦਾ ਰੂਪਾਂਤਰ ਹੈ ਅਤੇ ਸੋਸ਼ਲ ਸਰਕਲ ਨੂੰ ਆਕਾਰ ਵਿਚ ਵੱਡਾ ਹੋਣ ਕਾਰਨ ਪੂਰਾ ਨਾਟਕ ਕਹਿ ਦਿੱਤਾ ਜਾਂਦਾ ਹੈ ਜਦ ਕਿ ਉਹ ਇਕਾਂਗੀ ਦੇ ਤੌਰ

ਤੇ ਹੀ ਇਕਾਂਗੀ-ਸੰਗ੍ਰਹਿ ਵਿੱਚ ਸ਼ਾਮਲ ਹੈ। ਨੰਦਾ ਦੇ ਤਿੰਨ ਇਕਾਂਗੀ-ਸੰਗ੍ਰਹਿ ਪ੍ਰਾਪਤ ਹਨ :

(1) ਝਲਕਾਰੇ
(2) ਲਿਸ਼ਕਾਰੇ
(3) ਚਮਕਾਰੇ

ਇਹ ਸਾਰੇ ਬਾਅਦ ਵਿਚ ਆਈ. ਸੀ. ਨੰਦਾ ਦੇ ਸਾਰੇ ਦੇ ਸਾਰੇ ਨਾਟਕ (ਸੰਪਾਦਕ ਹਰਚਰਨ ਸਿੰਘ) ਵਿੱਚ ਸ਼ਾਮਲ ਹੋਏ।

ਆਈ. ਸੀ. ਨੰਦਾ ਨੇ ਇਕਾਂਗੀਆਂ ਦੇ ਆਧਾਰ ਤੇ ਉਸ ਦੀ ਇਕਾਂਗੀ-ਕਲਾ ਦਾ ਸਭ ਤੋਂ ਮਹੱਤਵਪੂਰਨ ਪੱਖ ਉਸ ਦੀ ਵਿਸ਼ਿਆਂ ਦੀ ਚੋਣ ਹੈ। ਆਈ. ਸੀ. ਨੰਦਾ ਨੇ ਸਮਾਜਿਕ ਸਮੱਸਿਆਵਾਂ ਨੂੰ ਆਪਣੇ ਇਕਾਂਗੀਆਂ ਦਾ ਆਧਾਰ ਬਣਾਇਆ ਜਿਨ੍ਹਾਂ ਵਿਚੋਂ ਆਰਥਿਕਤਾ ਕਾਰਨ ਟੁੱਟੇ ਹੋਏ ਲੋਕਾਂ ਦੀ ਜ਼ਿੰਦਗੀ ਪੇਸ਼ ਕੀਤੀ। 'ਸੁਹਾਗ' ਦਾ ਹੁਸ਼ਿਆਰ ਚੰਦ ਗਰੀਬੀ ਕਾਰਨ ਆਪਣੀ ਧੀ ਮੇਲੋ ਦਾ ਬੁੱਢੇ ਨਾਲ ਵਿਆਹ ਕਰਨ ਲਈ ਤਿਆਰ ਹੋ ਜਾਂਦਾ ਹੈ ਅਤੇ ਜਦੋਂ ਵਿਆਹ ਦੇ ਐਨੇ ਮੌਕੇ ਮੇਲੋ ਘਰੋਂ ਭੱਜ ਜਾਂਦੀ ਹੈ ਤਾਂ ਬਾਲੜੀ ਲਾਜੋ ਨੂੰ ਡੋਲੇ ਪਾ ਦਿੰਦਾ ਹੈ। 'ਮਾਂ ਦਾ ਡਿਪਟੀ' ਦਾ ਵਸਾਵਾ ਸਿੰਘ ਔਖਾ ਹੋ ਕੇ ਆਪਣੇ ਬੱਚੇ ਨੂੰ ਪੜ੍ਹਾ ਰਿਹਾ ਹੈ ਪਰ ਫਿਰ ਵੀ ਬੇਰੁਜ਼ਗਾਰ ਹੈ। ਅਜਿਹੀ ਆਰਥਿਕਤਾ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕਰਦੀ ਹੈ। 'ਸੁਖਰਾਮ' ਦਾ ਮੁੱਖ ਪਾਤਰ, ਰਾਮ ਸਰਨ ਨੌਕਰੀ ਤੋਂ ਅਗਾਊਂ ਰਿਟਾਇਰਮੈਂਟ ਲੈ ਕੇ ਆਰਾਮ ਦੀ ਜ਼ਿੰਦਗੀ ਬਸਰ ਕਰਨੀ ਚਾਹੁੰਦਾ ਹੈ ਪਰ ਉਸ ਦੀ ਪਤਨੀ ਸ਼ੀਲਾ ਅਤੇ ਪੁੱਤਰ ਕ੍ਰਿਸ਼ਨ ਇਸ ਫ਼ੈਸਲੇ ਦੇ ਖਿਲਾਫ ਹਨ ਕਿਉਂਕਿ ਇਸ ਨਾਲ ਆਰਥਿਕ ਸਮੱਸਿਆਵਾਂ ਖੜ੍ਹੀਆਂ ਹੋ ਜਾਣਗੀਆਂ।

ਆਈ. ਸੀ. ਨੰਦਾ ਮੱਧ-ਸ਼੍ਰੇਣੀ ਦੇ ਕਿਰਦਾਰ ਤੇ ਵੀ ਚੋਟ ਕਰਦਾ ਹੈ। ਬੇਈਮਾਨ ਦਾ ਮੋਟਰ ਵਾਲਾ ਮਕੈਨਿਕ ਨੂੰ ਬੇਈਮਾਨ ਦੱਸ ਰਿਹਾ ਹੈ ਜਦ ਕਿ ਉਹ ਖੁਦ ਵੀ ਇਹੀ ਕੁਝ ਹੈ। ਆਈ. ਸੀ. ਨੰਦਾ ਨੇ ਇਕ ਵੱਡਾ ਕੰਮ ਇਹ ਕੀਤਾ ਕਿ ਵਹਿਮਾਂ, ਭਰਮਾਂ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਜਿਹੜੀ ਕਿ ਨਵੀਂ ਗੱਲ ਸੀ। 'ਬੇਬੇ ਰਾਮ ਭਜਨੀ' ਅਤੇ ਜਿੰਨ ਇਕਾਂਗੀਆਂ ਰਾਹੀਂ ਉਸ ਨੇ ਉਹ ਕਾਰਜ ਅੱਜ ਤੋਂ 60-70 ਵਰ੍ਹੇ ਪਹਿਲਾਂ ਕੀਤਾ ਜੋ ਹੁਣ ਪੰਜਾਬ ਵਿਚ ਲਹਿਰ ਕਰ ਰਹੀ ਹੈ। ਆਈ. ਸੀ. ਨੰਦਾ ਦੀ ਪ੍ਰਾਪਤੀ ਇਸ ਗੱਲ ਵਿਚ ਵੀ ਹੈ ਕਿ ਉਸ ਨੇ ਪ੍ਰਗਤੀਸ਼ੀਲ ਦ੍ਰਿਸ਼ਟੀ ਤੋਂ ਉਦੋਂ ਨਾਟਕ ਲਿਖੇ ਜਦੋਂ ਪੰਜਾਬੀ ਸਾਹਿਤ ਵਿਚ ਪ੍ਰਗਤੀਸ਼ੀਲ ਲਹਿਰ ਆਰੰਭ ਵੀ ਨਹੀਂ ਸੀ ਹੋਈ।

ਆਈ. ਸੀ. ਨੰਦਾ ਦੀ ਇਕਾਂਗੀ-ਕਲਾ ਦਾ ਵਿਸ਼ੇਸ਼ ਗੁਣ ਉਸ ਦੇ ਇਕਾਂਗੀਆਂ ਦੀ ਰੰਗਮੰਚੀ ਸਫ਼ਲਤਾ ਵੀ ਹੈ। ਉਸ ਦੀਆਂ ਇਕਾਂਗੀਆਂ ਦੇ ਪਲਾਟ ਇਕਹਿਰੇ ਅਤੇ ਗੁੰਦਵੇ ਹੁੰਦੇ ਹਨ। ਨਾਟਕੀ ਗਤੀ ਤੇਜ਼ ਹੁੰਦੀ ਹੈ। ਅਸਲ ਵਿਚ ਉਸ ਨੂੰ ਇਕਾਂਗੀ ਲਿਖਣ ਦਾ ਵੱਲ ਆਉਂਦਾ ਹੈ। ਉਹ ਇਕਾਂਗੀ ਵਿਚ ਉਤਸੁਕਤਾ ਕਾਇਮ ਰੱਖਦਾ ਹੈ। ਸੁਖਰਾਮ ਦੇ ਮੁੱਢ ਵਿਚ ਨੌਕਰ ਸੂਰਜ ਨੂੰ ਚਾਹ ਲਿਆਉਣ ਲਈ ਆਵਾਜ਼ ਮਾਰੀ ਜਾਂਦੀ ਹੈ ਅਤੇ ਅੰਤ ਤੱਕ ਇਹ ਆਵਾਜ਼ ਪੈਂਦੀ ਰਹਿੰਦੀ ਹੈ। ਉਹ ਪਿਛੋਕੜ ਵਿਚ ਹੁਣੇ ਆਇਆ ਜੀ ਕਹਿੰਦਾ ਰਹਿੰਦਾ ਹੈ ਪਰ ਨਾਟਕ ਦੇ ਅੰਤ ਤਕ ਨਹੀਂ ਆਉਂਦਾ। ਅਜਿਹੀ ਨਾਟਕੀ-ਜੁਗਤ ਕਾਰਜ ਵਿਚ ਲਟਕਾਅ ਪੈਦਾ ਕਰਦੀ ਹੈ। ਇਸੇ ਪ੍ਰਕਾਰ ਪਾਤਰਾਂ ਦੀ ਚੋਣ ਵਿਚ ਵੀ ਉਸ ਨੂੰ ਕਮਾਲ ਹਾਸਿਲ ਹੈ। ਉਸ ਦੇ ਪਾਤਰ ਜ਼ਿੰਦਗੀ ਦੇ ਨੇੜੇ ਹੁੰਦੇ ਹਨ ਜਿਨ੍ਹਾਂ ਦੀ ਉਹ ਯਥਾਰਥਿਕ ਢੰਗ ਨਾਲ ਉਸਾਰੀ ਕਰਦਾ ਹੈ। ਉਹ ਆਪਣੇ ਨਾਟਕਾਂ ਲਈ ਉਚਿਤ ਭਾਸ਼ਾ ਦਾ ਪ੍ਰਯੋਗ ਕਰਦਾ ਹੈ ਜਿਹੜਾ ਪਾਤਰ ਅਨੁਸਾਰ ਢੁਕਵੀਂ ਹੁੰਦੀ ਹੈ। ਉਸ ਦੇ ਇਕਾਂਗੀਆਂ ਦਾ ਵੱਡਾਗੁਣ ਰੰਗ ਮੰਚ ਉੱਤੇ ਸਫਲਤਾ ਦੀਆਂ ਸ਼ਰਤਾਂ ਪੂਰੀਆਂ ਕਰਨਾ ਵੀ ਹੈ, ਜਿਨ੍ਹਾਂ ਵਿਚ ਨਾਟਕ ਸੌਖੇ ਤਰੀਕੇ ਨਾਲ ਮੰਚ ਉੱਤੇ ਖੇਡੇ ਜਾਣ ਅਤੇ ਨਾਟਕੀ ਘਟਨਾਵਾਂ ਦਾ ਕਾਰਜ ਵਿਚ ਸੌਖੇ ਢਲ ਜਾਣਾ ਸ਼ਾਮਿਲ ਹੈ। ਇਨ੍ਹਾਂ ਤੱਥਾਂ ਦੇ ਆਧਾਰ ਤੇ ਅਸੀਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਨੰਦਾ ਇਕ ਸਫ਼ਲ ਇਕਾਂਗੀਕਾਰ ਹੈ।

# ਜਵਾਈ
# (ਬਲਵੰਤ ਗਾਰਗੀ)

## ਜਵਾਈ ਇਕਾਂਗੀ ਦੀ ਸਾਹਿਤਕ ਪਰਖ ਕਰੋ।

**ਜਾਣ-ਪਛਾਣ** : ਜਵਾਈ ਇਕਾਂਗੀ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਅਤੇ ਨਿਰਦੇਸ਼ਕ ਬਲਵੰਤ ਗਾਰਗੀ ਦਾ ਲਿਖਿਆ ਹੋਇਆ ਹੈ। ਪੰਜਾਬੀ ਦਾ ਉਹ ਇਕ ਅਜਿਹਾ ਨਾਟਕਕਾਰ ਹੈ ਜੋ ਕਿਸੇ ਘਟਨਾ ਸਥਿਤੀ ਜਾਂ ਵਿਅਕਤੀ ਨੂੰ ਨਾਟਕੀ ਰੂਪ ਪ੍ਰਦਾਨ ਕਰਨ ਵਿਚ ਸਭ ਤੋਂ ਵਧੇਰੇ ਮਾਹਿਰ ਹੈ। ਡਾ. ਰਘਬੀਰ ਸਿੰਘ ਅਨੁਸਾਰ ਬਲਵੰਤ ਗਾਰਗੀ ਦੀ ਨਾਟਕ ਕਲਾ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਮਨੁੱਖੀ ਰਿਸ਼ਤਿਆਂ ਦੇ ਆਪਸੀ ਤਨਾਉ ਨੂੰ ਪਾਤਰਾਂ ਦੀ ਮਾਨਸਿਕ ਪੀੜਾ ਨੂੰ ਅਤੇ ਵਿਸ਼ੇਸ਼ ਤੌਰ ਤੇ ਇਸਤਰੀ ਪਾਤਰਾਂ ਦੇ ਜਜ਼ਬਾਤੀ ਵੇਗ ਨੂੰ ਬਾਖ਼ੂਬੀ ਚਿਤਰਦਾ ਹੈ। ਨਾਟਕ ਵਿਚਲੇ ਤਨਾਉ ਨੂੰ ਤੀਖਣ ਕਰਨ ਲਈ ਉਹ ਆਮ ਤੌਰ ਤੇ ਇਸਤਰੀ ਪਾਤਰਾਂ ਦੇ ਕਿਰਦਾਰ ਨੂੰ ਸਮਾਜਿਕ ਮਰਿਆਦਾ ਤੇ ਪਰੰਪਰਾਗਤ ਸੋਚ ਦੇ ਵਿਰੋਧ ਵਿਚ ਖੜ੍ਹਾ ਕਰਦਾ ਹੈ। ਇਸ ਲਈ ਉਸ ਉੱਪਰ ਇਹ ਆਰੋਪ ਵੀ ਲਗਾਇਆ ਜਾਂਦਾ ਹੈ ਕਿ ਉਸ ਦੇ ਇਸਤਰੀ ਪਾਤਰ ਸਮਾਜਿਕ ਜੀਵਨ ਧਾਰਾ ਦੇ ਪ੍ਰਤੀਕੂਲ ਵਿਚਰਦੇ ਹਨ।

**ਵਿਸ਼ਾ-ਵਸਤੂ** : ਇਸ ਇਕਾਂਗੀ ਦਾ ਕੇਂਦਰੀ ਵਿਸ਼ਾ ਇਕ ਇਨਕਲਾਬੀ ਲਹਿਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਹੈ। ਇਹ ਇਕਾਂਗੀ ਮੂਲ ਰੂਪ ਵਿਚ 1943 ਦੀ ਘਟਨਾ ਤੇ ਆਧਾਰਿਤ ਹੈ ਜਦੋਂ ਪਟਿਆਲਾ ਰਿਆਸਤ ਵਿਚ ਮੁਜਾਰਿਆਂ ਅਤੇ ਵਿਸਵੇਦਾਰਾਂ ਦੀ ਫਸਵੀ ਅਤੇ ਸਿਰ ਵੱਢਵੀਂ ਟੱਕਰ ਚਲ ਰਹੀ ਸੀ। ਇਸ ਇਨਕਲਾਬੀ ਲਹਿਰ ਵਿਚ ਉਸ ਸਮੇਂ ਦੀਆਂ ਬਹਾਦਰ, ਨਿੱਡਰ ਤੇ ਬੇਖ਼ੌਫ਼ ਔਰਤਾਂ ਨੇ ਵੀ ਆਪਣਾ ਬਹੁਮੁੱਲਾ ਯੋਗਦਾਨ ਪਾਇਆ। ਇਕਾਂਗੀਕਾਰ ਨੇ ਇਸ ਇਕਾਂਗੀ ਵਿਚ ਤੀਸਰੀ ਮਹੱਤਵਪੂਰਨ ਗੱਲ ਇਹ ਦਰਸਾਈ ਹੈ ਕਿ ਇਨਕਲਾਬੀ ਲਹਿਰਾਂ ਨੂੰ ਕਦੇ ਵੀ ਕੋਈ ਧੱਕੇ ਜਾਂ ਤਾਕਤ ਦੇ ਜ਼ੋਰ ਨਾਲ ਨਹੀਂ ਦਬਾ ਸਕਦਾ। ਇੰਝ ਕਰਨ ਨਾਲ ਇਹ ਲਹਿਰਾਂ ਸਗੋਂ ਹੋਰ ਸ਼ਕਤੀਸ਼ਾਲੀ ਅਤੇ ਪ੍ਰਚੰਡ ਰੂਪ ਵਿਚ ਉਭਰਦੀਆਂ ਅਤੇ ਜ਼ੋਰ ਫੜਦੀਆਂ ਹਨ। ਇਸ ਇਕਾਂਗੀ ਦੇ ਵਿਸ਼ਾ-ਵਸਤੂ ਵਾਸਤੇ ਡਾ. ਰਘਬੀਰ ਸਿੰਘ ਤੇ ਡਾ. ਸਤੀਸ਼ ਕੁਮਾਰ ਵਰਮਾ ਦੇ ਵਿਚਾਰ ਦੇਖਣੇ ਵੀ ਜ਼ਰੂਰੀ ਹਨ। ਉਹ ਲਿਖਦੇ ਹਨ :

''ਬਲਵੰਤ ਗਾਰਗੀ ਦੇ ਨਾਟਕ ਆਮ ਤੌਰ ਤੇ ਮਨੋਵਿਗਿਆਨਕ ਸਮੱਸਿਆਵਾਂ ਨਾਲ ਜੁੜੇ ਹੋਏ ਹੁੰਦੇ ਹਨ ਜਿਨ੍ਹਾਂ ਨੂੰ ਉਹ ਪ੍ਰਤੀਕਾਤਮਕ ਢੰਗ ਨਾਲ ਕਾਵਿ-ਮਈ ਭਾਸ਼ਾ ਰਾਹੀਂ ਉਭਰਦਾ ਹੈ। ਲੇਕਿਨ ਉਸ ਦਾ ਇਕਾਂਗੀ 'ਜਵਾਈ' ਇਸ ਲੀਕ ਤੋਂ ਹਟਵਾਂ ਹੈ। ਇਸ ਵਿਚ ਉਹ ਇਨਕਲਾਬੀ ਲਹਿਰ ਨੂੰ ਪੇਸ਼ ਕਰਦਾ ਹੈ। ਇਹ ਨਾਟਕ 1943 ਦੀ ਘਟਨਾ ਤੇ ਆਧਾਰਿਤ ਹੈ ਜਦੋਂ ਪਟਿਆਲਾ ਰਿਆਸਤ ਵਿਚ ਮੁਜਾਰਿਆਂ ਅਤੇ ਵਿਸਵੇਦਾਰਾਂ ਦੀ ਆਪਸੀ ਟੱਕਰ ਸੀ। ਇਕਾਂਗੀਕਾਰ ਨੇ ਇਹ ਇਕਾਂਗੀ ਇਨਕਲਾਬੀ ਲਹਿਰ ਪ੍ਰਤੀ ਸਤਿਕਾਰ ਵਜੋਂ ਰਚਿਆ। ਭਾਵੇਂ ਇਹ ਇਕਾਂਗੀ ਇਕ ਵਿਸ਼ੇਸ਼ ਘਟਨਾ ਤੇ ਆਧਾਰਿਤ ਹੈ ਲੇਕਿਨ ਇਸ ਦਾ ਨਾਇਕ ਅਜਿਹਾ ਇਨਕਲਾਬੀ ਹੈ ਜੋ ਸਰਬਕਾਲੀ ਨਾਇਕ ਦਾ ਦਰਜਾ ਰੱਖਦਾ ਹੈ ਕਿਉਂਕਿ ਅਜਿਹੇ ਇਨਕਲਾਬੀ ਕਿਸੇ ਵੀ ਔਕੜ ਦੀ ਪਰਵਾਹ ਨਹੀਂ ਕਰਦੇ। ਇਕਾਂਗੀਕਾਰ ਨੇ ਇਸ ਗੱਲ ਤੇ ਬਲ ਦਿੱਤਾ ਹੈ ਕਿ ਕਿਸੇ ਵੀ ਇਨਕਲਾਬ ਵਿਚ ਔਰਤਾਂ ਦਾ ਵੱਡਾ ਰੋਲ ਹੁੰਦਾ ਹੈ। ਰੂਪੋਸ਼ੀ ਦੇ ਦੌਰ ਵਿਚ ਔਰਤਾਂ ਇਨਕਲਾਬੀਆਂ ਨੂੰ ਘਰਾਂ ਵਿਚ ਪਨਾਹ ਦੇਂਦੀਆਂ ਹਨ ਤੇ ਮਾਵਾਂ ਅਤੇ ਭੈਣਾਂ ਉਹਨਾਂ ਦੀ ਮਦਦ ਕਰਦੀਆਂ ਹਨ। ਇਉਂ ਲੁਕਵੇਂ ਰੂਪ ਵਿਚ ਔਰਤਾਂ ਦਾ ਹਰ ਇਨਕਲਾਬ ਵਿਚ ਯੋਗਦਾਨ ਹੁੰਦਾ ਹੈ। 'ਜਵਾਈ' ਵਿਚਲੀ ਨਿਹਾਲ ਕੌਰ ਵੀ ਇਕ ਅਜਿਹੀ ਪਾਤਰ ਹੈ ਜੋ ਆਪਣੇ ਪਤੀ ਦੇ ਇਨਕਲਾਬੀ ਰਹੇ ਹੋਣ ਕਾਰਨ ਸਾਰੀ ਉਮਰ ਦੁੱਖ ਭੋਗਦੀ ਰਹੀ ਹੈ ਅਤੇ ਹਰ ਇਨਕਲਾਬੀ ਨੂੰ ਲਗਭਗ ਨਫਰਤ ਦੀ ਨਜ਼ਰ ਨਾਲ ਵੇਖਦੀ ਹੈ। ਲੇਕਿਨ ਘਰ ਆਏ ਇਨਕਲਾਬੀ ਹਿੰਮਤ ਸਿੰਘ ਦੀ ਮਦਦ ਕਰਦੀ ਹੈ ਤੇ ਉਸ ਨੂੰ ਆਪਣਾ ਜਵਾਈ ਦੱਸ ਕੇ ਪੁਲੀਸ ਤੋਂ ਬਚਾ ਲੈਂਦੀ ਹੈ। ਇਕਾਂਗੀ ਦਾ ਸ਼ਿਖਰ ਉਦੋਂ ਵਾਪਰਦਾ ਹੈ ਜਦੋਂ ਇਨਕਲਾਬੀ ਹਿੰਮਤ ਸਿੰਘ ਦੇ ਜਾਣ ਤੋਂ ਬਾਅਦ ਉਸ ਦਾ ਸੱਚਮੁੱਚ ਦਾ ਜਵਾਈ ਸਰਬਣ ਸਿੰਘ

ਆਉਂਦਾ ਹੈ ਅਤੇ ਪੁਲਿਸ ਉਸ ਨੂੰ ਸੱਚਮੁੱਚ ਦਾ ਇਨਕਲਾਬੀ ਸਮਝ ਕੇ ਪਕੜ ਕੇ ਲੈ ਜਾਂਦੀ ਹੈ। ਇਉਂ ਇਹ ਇਨਕਲਾਬ ਦੀ ਪਾਤਰ ਉਸਦੀ ਧੀ ਬਚਨੋ ਦੇ ਦੁੱਖ ਦਾ ਕਾਰਨ ਬਣ ਜਾਂਦਾ ਹੈ।

**ਪਲਾਟ ਜਾਂ ਗੋਂਦ :–** ਇਸ ਇਕਾਂਗੀ ਦਾ ਪਲਾਟ ਪਟਿਆਲਾ ਸਟੇਟ ਦੀ ਇਕ ਸਰਗਰਮ ਇਨਕਲਾਬੀ ਲਹਿਰ ਦੀ ਝਲਕ ਪੇਸ਼ ਕਰਨਾ ਹੈ। ਇਸ ਵਿਚਲੀਆਂ ਸਾਰੀਆਂ ਘਟਨਾਵਾਂ ਇਕ ਪਿੰਡ ਵਿਚ ਰਾਤ ਦੇ ਸਮੇਂ ਵਾਪਰਦੀਆਂ ਹਨ। ਇਹ ਘਟਨਾਵਾਂ ਬਹੁਤ ਹੀ ਕੁਦਰਤੀ, ਹਿਰਦੇ-ਵੇਦਕ ਤੇ ਯਥਾਰਥਕ ਹਨ ਜਿਵੇਂ ਬਚਨੋ ਦਾ ਆਪਦੇ ਪਤੀ ਦੀ ਅੱਧੀ-ਅੱਧੀ ਰਾਤ ਤੱਕ ਉਡੀਕ ਕਰਨੀ, ਚੋਰਾਂ ਡਾਕੂਆਂ ਅਤੇ ਇਨਕਲਾਬੀਆਂ ਦੇ ਨਿਰੰਤਰ ਚਰਚੇ ਹੋਣ, ਧਾਮਕੋਟ ਵਾਲੇ ਹਿੰਮਤ ਸਿੰਘ ਦੇ ਆਉਣ ਦਾ ਮਾਂ ਧੀ ਵਲੋਂ ਪਹਿਲਾਂ ਸਖ਼ਤ ਵਿਰੋਧ ਅਤੇ ਫੇਰ ਪੁਲਿਸ ਦੇ ਆਉਣ ਤੇ ਉਸ ਦੀ ਪੂਰੀ ਮਦਦ ਕਰਨਾ ਤੇ ਨਿਹਾਲ ਕੌਰ ਦਾ ਹਿੰਮਤ ਸਿੰਘ ਨੂੰ ਆਪਣਾ ਜਵਾਈ ਦੱਸਕੇ ਬਚਾਉਣਾ, ਥਾਣੇਦਾਰ ਦਾ ਪੂਰੀ ਜਾਂਚ-ਪੜਤਾਲ ਕਰਕੇ ਚਲੇ ਜਾਣਾ, ਹਿੰਮਤ ਸਿੰਘ ਦੇ ਖਿਸਕਣ ਮਗਰੋਂ ਨਿਹਾਲ ਕੌਰ ਦੇ ਆਪਣੇ ਅਸਲੀ ਜਵਾਈ ਸਰਬਣ ਸਿੰਘ ਦਾ ਆਉਣਾ, ਪੁਲਿਸ ਦਾ ਦੋਬਾਰਾ ਆਉਣਾ ਅਤੇ ਸਰਬਣ ਸਿੰਘ ਨੂੰ ਗੋਲੀ ਮਾਰਨ ਦੀ ਧਮਕੀ ਦੇ ਕੇ ਗ੍ਰਿਫਤਾਰ ਕਰਨਾ ਆਦਿ। ਇਹਨਾਂ ਸਾਰੀਆਂ ਘਟਨਾਵਾਂ ਵਿਚ ਬਹੁਤ ਹੀ ਜ਼ਿਆਦਾ ਉਤਸੁਕਤਾ ਹੈ, ਲਟਕਾ ਹੈ ਜਿਹੜਾ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਦਰਸ਼ਕਾਂ ਨੂੰ ਪੂਰੀ ਤਰ੍ਹਾਂ ਕੀਲੀ ਰੱਖਦਾ ਹੈ। ਬਲਵੰਤ ਗਾਰਗੀ ਦੇ ਇਸ ਇਕਾਂਗੀ ਵਿਚ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਮੁੱਢ ਤੋਂ ਲੈ ਕੇ ਅਖੀਰ ਤੱਕ ਕਾਇਮ ਰਹਿੰਦੀ ਹੈ, ਜਿਸ ਨਾਲ ਇਕਾਂਗੀ ਦਾ ਕਾਰਜ ਬੜਾ ਗੁੰਦਵਾਂ, ਭਖਵਾਂ ਅਤੇ ਅਸਰਦਾਇਕ ਬਣ ਗਿਆ ਹੈ। ਇਕਾਂਗੀਕਾਰ ਨੇ ਇਸ ਵਿਚ ਅਨੇਕ ਨਾਟਕੀ ਮੌਕੇ ਵੀ ਪੈਦਾ ਕੀਤੇ ਹਨ।

**ਪਾਤਰ ਉਸਾਰੀ**

ਇਸ ਇਕਾਂਗੀ ਵਿਚ ਕੁਲ ਛੇ ਪਾਤਰ ਹਨ। ਨਿਹਾਲ ਕੌਰ ਇਕ ਅਜਿਹੀ ਪਾਤਰ ਹੈ ਜੋ ਆਪਣੇ ਪਤੀ ਦੇ ਇਨਕਲਾਬੀ ਰਹੇ ਹੋਣ ਕਾਰਨ ਸਾਰੀ ਉਮਰ ਦੁੱਖ ਭੋਗਦੀ ਰਹੀ ਹੈ ਅਤੇ ਹਰ ਇਨਕਲਾਬੀ ਨੂੰ ਲਗਭਗ ਨਫਰਤ ਦੀ ਨਿਗਾਹ ਨਾਲ ਵੇਖਦੀ ਹੈ, ਲੇਕਿਨ ਘਰ ਆਏ ਇਨਕਲਾਬੀ ਹਿੰਮਤ ਸਿੰਘ ਦੀ ਮਦਦ ਕਰਦੀ ਹੈ ਅਤੇ ਉਸ ਨੂੰ ਆਪਣਾ ਜਵਾਈ ਦੱਸ ਕੇ ਪੁਲਿਸ ਤੋਂ ਬਚਾ ਲੈਂਦੀ ਹੈ। ਇਕਾਂਗੀ ਦਾ ਸਿਖਰ ਉਦੋਂ ਵਾਪਰਦਾ ਹੈ ਜਦੋਂ ਇਨਕਲਾਬੀ ਹਿੰਮਤ ਸਿੰਘ ਦੇ ਜਾਣ ਤੋਂ ਬਾਅਦ ਉਸ ਦਾ ਸੱਚਮੁੱਚ ਦਾ ਜਵਾਈ ਸਰਬਣ ਸਿੰਘ ਆਉਂਦਾ ਹੈ ਅਤੇ ਪੁਲਿਸ ਉਸਨੂੰ ਸੱਚਮੁੱਚ ਦਾ ਇਨਕਲਾਬੀ ਸਮਝਕੇ ਪਕੜਕੇ ਲੈ ਜਾਂਦੀ ਹੈ। ਇਉਂ ਇਹ ਇਨਕਲਾਬ ਦੀ ਪਾਤਰ ਆਪਣੀ ਧੀ ਬਚਨੋ ਦੇ ਦੁੱਖ ਦਾ ਕਾਰਣ ਬਣ ਜਾਂਦੀ ਹੈ, ਸਰਬਣ ਸਿੰਘ ਇਕ ਸਾਧਾਰਨ ਆਦਮੀ ਹੈ। ਉਹ ਨਿਹਾਲ ਕੌਰ ਦੀ ਧੀ ਬਚਨੋ ਦਾ ਪਤੀ ਹੈ। ਇਸ ਤੋਂ ਇਲਾਵਾ ਇਕ ਥਾਣੇਦਾਰ ਅਤੇ ਇਕ ਸਿਪਾਹੀ ਦੋ ਅਜਿਹੇ ਪਾਤਰ ਹਨ ਜਿਹੜੇ ਭਗੌੜਿਆਂ ਅਤੇ ਬਾਗੀਆਂ ਨੂੰ ਗ੍ਰਿਫਤਾਰ ਕਰਦੇ ਹਨ। ਨਿਹਾਲ ਕੌਰ ਇਸ ਇਕਾਂਗੀ ਦੀ ਨਾਇਕਾ ਹੈ। ਇਕਾਂਗੀਕਾਰ ਨੇ ਇਨ੍ਹਾਂ ਪਾਤਰਾਂ ਦੀ ਪਾਤਰ ਉਸਾਰੀ ਕਰਨ ਲਈ ਭਿੰਨ ਭਿੰਨ ਜੁਗਤਾਂ ਦੀ ਵਰਤੋਂ ਕੀਤੀ ਹੈ ਜਿਵੇਂ ਪਾਤਰਾਂ ਦੀ ਪਰਸਪਰ ਵਾਰਤਾਲਾਪ ਰਾਹੀਂ ਅਤੇ ਪਾਤਰਾਂ ਦੇ ਮੂੰਹੋਂ ਕਿਸੇ ਤੀਜੇ ਪਾਤਰ ਬਾਰੇ ਗੱਲਾਂ ਕਰਾਕੇ ਵੀ। ਆਓ ਪਹਿਲਾਂ ਵੇਖਦੇ ਹਾਂ ਪਾਤਰਾਂ ਦੀ ਪਰਸਪਰ ਵਾਰਤਾਲਾਪ ਰਾਹੀਂ ਕੀਤਾ ਪਾਤਰ ਚਿਤਰਨ :

ਬਚਨੋ : ਬਾਪੂ ਦੀ ਗੱਲ ਹੋਰ ਸੀ। ਵੀਹ ਬੰਦਿਆਂ ਨਾਲ ਟੱਕਰ ਲੈ ਲਵੇ।

ਨਿਹਾਲ ਕੌਰ : ਇਸ ਕਰਕੇ ਜੁਆਨੀ ਵਿਚ ਤੁਰ ਗਿਆ। ਜੇ ਉਹ ਬਿਰਵੇਦਾਰ ਨਾਲ ਪੰਗਾ ਨਾ ਲੈਂਦਾ ਤਾਂ ਅੱਜ ਮੈਂ ਇਉਂ ਬੇਆਸਰਾ ਨਾ ਹੁੰਦੀ। ਹੁਣ ਤਾਂ ਮੈਨੂੰ ਤੇਰਾ ਤੇ ਸਰਬਣ ਸਿੰਘ ਦਾ ਸਹਾਰਾ ਹੈ। ਤੇਰਾ ਬਾਪੂ ਅੱਖੜ ਸੀ। ਬਿਸਵੇਦਾਰ ਦੇ ਖਿਲਾਫ ਮੋਰਚਾ ਲਾਇਆ। ਖੇਤ ਵਿਚ ਲੜਾਈ ਹੋਈ ਸਭ ਲੋਕ ਦੌੜ ਗਏ ਤੇ ਉਹ ਮੁੜ ਨਾ ਆਇਆ। ਮੈਂ ਬਥੇਰਾ ਸਮਝਾਇਆ ਕਿ ਸਰਕਾਰ ਨਾਲ ਟੱਕਰ ਨਹੀਂ ਲਈਦੀ। ਰਾਜ਼ੀਨਾਮਾ ਕਰ ਲੈ। ਪਹਿਲਾਂ ਵੀ ਤਾਂ ਕੰਮ ਚਲਦੇ ਹੀ ਸਨ। ਕੋਈ ਝਗੜਾ ਨਹੀਂ ਸੀ। ਇਸ ਖੂਨ ਖਰਾਬੇ ਵਿਚ ਕੀ ਰੱਖਿਆ ਹੈ।

ਬਚਨੋ : ਮੈਨੂੰ ਬਾਪੂ ਯਾਦ ਨਹੀਂ। ਪਰ ਲੋਕਾਂ ਤੋਂ ਉਸਦੀਆਂ ਗੱਲਾਂ ਸੁਣੀਆਂ ਏ। ਇਨਕਲਾਬੀ ਹਾਲੇ ਵੀ ਉਸੇ ਦਾ ਨਾਂ ਲੈ ਕੇ ਮੋਰਚਾ ਲਾਉਂਦੇ ਨੇ।

ਇਸੇ ਤਰ੍ਹਾਂ ਹਿੰਮਤ ਸਿੰਘ ਦੀ ਪਾਤਰ ਉਸਾਰੀ ਵੀ ਨਿਹਾਲ ਕੌਰ ਅਤੇ ਬਚਨੋ ਦੀ ਪਰਸਪਰ ਵਾਰਤਾਲਾਪ ਰਾਹੀਂ ਹੋਈ ਹੈ।

ਜਿਵੇਂ :

ਨਿਹਾਲ ਕੌਰ : ਕਿਹੜਾ ਹਿੰਮਤ ਸਿੰਘ ? ਉਹ ਧਾਮਕੋਟ ਵਾਲਾ ਬਾਗੀ ?

ਬਚਨੋ : ਹਾਂ।

ਨਿਹਾਲ ਕੌਰ : ਜੇ ਉਹ ਫੜਿਆ ਜਾਵੇ ਤਾਂ ਜੱਟ ਸੁੱਖ ਦਾ ਸਾਹ ਲੈਣ। ਉਸ ਨੇ ਤਰਥੱਲੀ ਮਚਾ ਰਖੀ ਹੈ। ਜਦੋਂ ਇਸ ਇਲਾਕੇ ਵਿਚ ਮਾੜਾ ਮੋਟਾ ਚੈਨ ਹੁੰਦਾ ਹੈ ਤਾਂ ਉਹ ਇਕ ਦਮ ਆ ਧਮਕਦਾ ਹੈ ਤੇ ਖ਼ੂਨੀ ਚੰਗਾੜੀਆਂ ਛੱਡਕੇ ਚਲਾ ਜਾਂਦਾ ਹੈ।

ਬਚਨੋ : ਉਸਦੇ ਅੱਠ ਸਾਥੀ ਜੇਲ੍ਹ ਵਿਚ ਨੇ। ਜੇ ਉਹ ਫੜਿਆ ਜਾਵੇ ਤਾਂ ਉਹ ਸਾਰੇ ਮੁਆਫੀ ਮੰਗ ਲੈਣ। ਪਰ ਜਿੰਨਾ ਚਿਰ ਉਹ ਪੁਲਿਸ ਦੇ ਹੱਥ ਨਹੀਂ ਆਉਂਦਾ, ਓਨਾ ਚਿਰ ਜੇਲ੍ਹ ਵਿਚ ਹੀ ਬਗਾਵਤ ਰਹੇਗੀ। ਸੁਣਿਆ ਹੈ, ਉਹ ਜੇਲ੍ਹ ਵਿਚ ਵੀ ਆਪਦੇ ਸਾਥੀਆਂ ਨੂੰ ਖੁਫੀਆਂ ਸੁਨੇਹੇ ਭੇਜਦਾ ਹੈ। ਉਹ ਛਲੇਡਾ ਹੈ। ਹੁਣੇ ਨਜ਼ਰੇ ਆਇਆ ਤੇ ਹੁਣੇ ਗਾਇਬ। ਉਸਨੂੰ ਪਟਿਆਲੇ ਦੇ ਬਜ਼ਾਰਾਂ ਵਿਚ ਫਿਰਦਿਆਂ ਦੇਖਿਆ ਗਿਆ। ਕਈ ਵਾਰ ਆਪਣੇ ਪਿੰਡ ਦੇ ਖੇਤਾਂ ਵਿਚ ਲੋਕਾਂ ਨੂੰ ਸਲਾਹਾਂ ਦੇਂਦਾ ਵੇਖਿਆ ਗਿਆ। ਇਕ ਵਾਰ ਉਹ ਸਾਧ ਬਣਕੇ ਥਾਣੇ ਅੱਗੇ ਬੈਠਾ ਚਿਮਟਾ ਖੜਕਾਉਂਦਾ ਰਿਹਾ। ਉਸਨੂੰ ਸਭਨਾਂ ਨੇ ਦੇਖਿਆ ਪਰ ਕਿਸੇ ਨੇ ਵੀ ਨਹੀਂ ਪਛਾਣਿਆ।

ਹਿੰਮਤ ਸਿੰਘ ਦੇ ਹੇਠ ਲਿਖੇ ਸ਼ਬਦ ਬਚਨੋ ਅਤੇ ਨਿਹਾਲ ਕੌਰ ਤੇ ਚਰਿੱਤਰ ਨੂੰ ਚੰਗੀ ਤਰ੍ਹਾਂ ਉਘਾਰਦੇ ਹਨ :

ਹਿੰਮਤ ਸਿੰਘ : ਤੇਰਾ ਬਾਪੂ ਕਿਸਾਨਾਂ ਲਈ ਸ਼ਹੀਦ ਹੋਇਆ। ਇਸ ਘਰ ਦਾ ਨਾਂ ਸਦਾ ਇੱਜ਼ਤ ਨਾਲ ਲਿਆ ਜਾਂਦਾ ਹੈ। ਹੁਣ ਤੁਸੀਂ ਦੋਵੇਂ ਇਸ ਨਾਂ ਨੂੰ ਮਿਟਾ ਦੇਵੋਗੀਆਂ। ਬੇਵਕੂਫ ਬੁੱਢੀਏ। ਮੈਂ ਕਿਹਾ, ਕਿਉਂਕਿ ਤੂੰ ਸ਼ਹੀਦ ਦੀ ਬੀਵੀ ਹੈਂ, ਜਿਸ ਨੇ ਸਾਨੂੰ ਰੋਸ਼ਨੀ ਦਿਖਾਈ ਅੱਜ ਤੂੰ ਉਸ ਰੋਸ਼ਨੀ ਨੂੰ ਫੂਕ ਮਾਰਕੇ ਬੁਝਾ ਦੇਣਾ ਚਾਹੁੰਦੀ ਹੈਂ।

## ਦ੍ਰਿਸ਼ ਵਰਣਨ

ਇਸ ਇਕਾਂਗੀ ਦਾ ਦ੍ਰਿਸ਼ ਵਰਣਨ ਵੀ ਬਹੁਤ ਕਮਾਲ ਦਾ ਹੈ। ਇਕਾਂਗੀਕਾਰ ਨੇ ਆਪਣੀ ਕਲਮ ਦੀਆਂ ਕੁਝ ਹੀ ਛੋਹਾਂ ਨਾਲ ਅਜਿਹਾ ਵਾਤਾਵਰਣ ਸਿਰਜਿਆ ਹੈ ਜਿਸਨੂੰ ਪੜ੍ਹਕੇ ਦਰਸ਼ਕਾਂ ਦੀਆਂ ਅੱਖਾਂ ਅੱਗੇ ਨਹਿਰ ਦੇ ਨੇੜੇ ਮਾਲਵੇ ਦੇ ਇਕ ਪਿੰਡ ਦਾ ਦ੍ਰਿਸ਼ ਹੂ-ਬ-ਹੂ ਖੜ੍ਹਾ ਹੁੰਦਾ ਹੈ। ਰਾਤ ਦਾ ਸਮਾਂ ਹੈ। ਬਚਨੋ ਆਪਣੇ ਪਿਆਰੇ ਪਤੀ ਦੀ ਬਹੁਤ ਸ਼ਿੱਦਤ ਨਾਲ ਉਡੀਕ ਕਰ ਰਹੀ ਹੈ। ਬਾਹਰ ਨਹਿਰ ਦਾ ਪਾਣੀ ਟੁੱਟਾ ਹੋਣ ਕਰਕੇ ਰਸਤਿਆਂ ਵਿੱਚ ਪਾਣੀ ਖੜ੍ਹਾ ਹੈ, ਚੋਰਾਂ, ਡਾਕੂਆਂ ਤੇ ਬਾਗੀਆਂ ਦਾ ਡਰ ਵੀ ਬਹੁਤ ਹੈ। ਉਸ ਨੂੰ ਪਕੜਨ ਲਈ ਪੁਲਿਸ ਨੇ ਹਰ ਪਾਸੇ ਨਾਕੇ ਲਾਏ ਹੋਏ ਹਨ। ਉਹ ਹਰ ਆਏ ਗਏ ਰਾਹੀ ਦੀ ਡੂੰਘੀ ਜਾਂਚ ਪੜ੍ਹਤਾਲ ਕਰਦੀ ਹੈ।

## ਵਾਰਤਾਲਾਪ

ਇਸ ਇਕਾਂਗੀ ਦੀ ਵਾਰਤਾਲਾਪ ਇਕ ਦਮ ਚੁਸਤ ਤਿੱਖੀ, ਰੋਚਕ ਅਤੇ ਸੁਆਦਲੀ ਹੈ। ਇਸ ਦੀ ਵਾਰਤਾਲਾਪ ਪਾਤਰਾਂ ਦੀ ਅੰਦਰਲੀ ਕਸ਼ਮਕਸ਼ ਨੂੰ ਉਜਾਗਰ ਕਰਨ ਅਤੇ ਉਹਨਾਂ ਦੇ ਨਖ-ਸ਼ਿਖ ਵਰਣਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਦੀ ਹੈ। ਇਕਾਂਗੀਕਾਰ ਦੀ ਵਾਰਤਾਲਾਪ ਜੇਹਲਮ ਦੇ ਦਰਿਆ ਵਰਗੀ ਟੁਣਕਵੀ ਹੈ ਜਿਵੇਂ ਹੇਠ ਲਿਖੇ ਉਦਾਹਰਣ ਤੋਂ ਸਪੱਸ਼ ਹੈ।

''ਧਾਮਕੋਟ ਦਾ ਨਾਂ ਸੁਣਦੇ ਸਾਰ ਹੀ ਮੇਰੇ ਸੀਨੇ ਵਿਚ ਅੱਗ ਲੱਗ ਜਾਂਦੀ ਹੈ। ਜਿਵੇਂ ਕਿਸੇ ਨੇ ਤਪਦੇ ਸਰੀਏ ਨਾਲ ਮੇਰੀ ਰੂਹ ਨੂੰ ਦਾਗ ਦਿੱਤਾ ਹੋਵੇ। ਇੱਕ ਗੱਲ ਜਿਹੜੀ ਕਿ ਮੈਂ ਹੁਣ ਤਕੀ ਛੁਪਾ ਰੱਖੀ.......... ਬਚਨੋ ਨੂੰ ਨਹੀਂ ਦੱਸੀ..... ਇਸ ਦਾ ਬਾਪੂ ਧਾਮਕੋਟ ਦੇ ਥਾਣੇਦਾਰ ਦੀ ਗੋਲੀ ਨਾਲ ਮਰਿਆ ਸੀ। ਤੂੰ ਉਸੇ ਦਾ ਪੁੱਤ ਹੈਂ।

ਜਾਂ

ਨਿਹਾਲ ਕੌਰ : ਪਰ ਉਸ ਨੂੰ ਪਛਾਣਦਾ ਕੌਣ ਹੈ? ਕੋਈ ਆਖਦਾ ਹੈ ਬੜਾ ਤਗੜਾ ਉੱਚਾ ਲੰਮਾ ਗਭਰੂ ਹੈ। ਕੋਈ ਕਹਿੰਦਾ ਹੈ ਮੂੰਹ ਉਤੇ ਮਾਤਾ ਦੇ ਦਾਗ ਹਨ। ਕੋਈ ਆਖਦਾ ਹੈ ਮਾੜਚੂ ਜਿਹਾ ਹੈ ਤੇ ਇੱਕ ਅੱਖੋਂ ਭੈਗਾਂ ਵੀ। ਜਿੰਨੇ ਮੂੰਹ ਓਨੀਆਂ ਹੀ ਗੱਲਾਂ। ਸੱਤ ਸਾਲਾਂ ਤੋ ਫਰਾਰ ਹੈ। ਭਗੌੜਾ ਕਦੀ ਚੈਨ ਨਾਲ ਨਹੀਂ ਬੈਠਾ। ਰੂਹ ਵਾਂਗ ਭਟਕਦਾ ਰਹਿੰਦਾ ਹੈ। ਇਸੇ ਕਰਕੇ ਲੋਕ ਉਸ ਨੂੰ ਮਨਹੂਸ ਆਖਦੇ ਨੇ।........ਤੂੰ ਕੀ ਸੋਚਦੀ ਹੈ। ਰੋਟੀ ਖਾ ਲੈ। ਕੁਵੇਲਾ ਹੋ ਜਾਵੇਗਾ।'

## ਸਿਰਲੇਖ

ਇਸ ਇਕਾਂਗੀ ਦਾ ਸਿਰਲੇਖ 'ਜਵਾਈ' ਬਹੁਤ ਹੀ ਢੁੱਕਵਾਂ ਤੇ ਜਚਵਾਂ ਹੈ। ਇਕਾਂਗੀਕਾਰ ਨੇ ਇਹ ਸਿਰਲੇਖ ਇਸ ਦੇ ਦੋ ਬਹੁਤ ਹੀ ਮਹੱਤਵਪੂਰਨ ਅਤੇ ਮਰਦ ਪਾਤਰਾਂ ਹਿੰਮਤ ਸਿੰਘ ਤੇ ਸਰਬਣ ਸਿੰਘ ਦੇ ਨਾਮ ਉੱਤੇ ਰੱਖਿਆ ਹੈ। ਦੋਵੇਂ ਪਾਤਰ

ਹੀ ਜਵਾਈ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਇਸ ਇਕਾਂਗੀ ਦੀ ਨਾਇਕਾ ਨਿਹਾਲ ਕੌਰ, ਹਿੰਮਤ ਸਿੰਘ ਨੂੰ ਆਪਣਾ ਫਰਜ਼ੀ ਜਵਾਈ ਆਖ ਕੇ ਪੁਲੀਸ ਦੇ ਹੱਥੋਂ ਬਚਾਉਂਦੀ ਹੈ ਪਰ ਉਸ ਦੀ ਇਹ ਵਿਉਂਤ ਉਲਟੀ ਪੈ ਜਾਂਦੀ ਹੈ ਜਦੋਂ ਉਸ ਦਾ ਅਸਲੀ ਜਵਾਈ ਸਰਬਣ ਸਿੰਘ ਪੁਲਿਸ ਦੇ ਹੱਥੋਂ ਗ੍ਰਿਫ਼ਤਾਰ ਹੋ ਜਾਂਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਕਾਂਗੀ ਦਾ ਇਹ ਸਿਰਲੇਖ ਬਹੁਤ ਹੀ ਢੁੱਕਵਾਂ ਹੈ।

**ਰੰਗਮੰਚ**

ਬਲਵੰਤ ਗਾਰਗੀ ਭਾਸ਼ਾ ਦਾ ਜਾਦੂਗਰ ਹੈ। ਇਸੇ ਕਰਕੇ ਡਾ. ਰਘਬੀਰ ਸਿੰਘ ਲਿਖਦਾ ਹੈ ਕਿ ਇਸ ਇਕਾਂਗੀ ਵਿਚ ਵੀ ਗਾਰਗੀ ਨੇ ਆਪਣੀ ਨਾਟਕ ਸ਼ੈਲੀ ਅਨੁਸਾਰ ਪ੍ਰਤੀਕ ਅਤੇ ਕਾਵਿ-ਭਾਸ਼ਾ ਦਾ ਇਸਤੇਮਾਲ ਕੀਤਾ ਹੈ। ਲੇਕਿਨ ਮੁੱਖ ਰੂਪ ਵਿਚ ਇਹ ਇਕਾਂਗੀ ਯਥਾਰਥਵਾਦੀ ਢੰਗ ਨਾਲ ਉਸਰਦਾ ਹੈ ਜਿਸ ਵਿਚ ਕਾਟਵੇਂ ਸੰਵਾਦਾਂ ਰਾਹੀਂ ਨਾਟਕੀ ਕਾਰਜ ਮਘਦਾ ਹੈ ਜੋ ਗਾਰਗੀ ਦੀ ਨਾਟਕੀ ਸ਼ੈਲੀ ਦਾ ਇਕ ਹੋਰ ਗੁਣ ਹੈ। ਇਸ ਇਕਾਂਗੀ ਦੀ ਭਾਸ਼ਾ-ਸ਼ੈਲੀ ਦਾ ਇਕ ਹੋਰ ਵਿਲੱਖਣ ਗੁਣ ਇਸ ਦਾ ਮੁਹਾਵਰੇਦਾਰ, ਰੋਚਕ ਤੇ ਸੰਕੇਤਕ ਹੋਣਾ ਹੈ।

ਇਸ ਤਰ੍ਹਾਂ ਅਸੀਂ ਇਕਾਂਗੀ ਨੂੰ ਹਰ ਪੱਖੋਂ ਸਫਲ ਕਹਿ ਸਕਦੇ ਹਾਂ। ਸਾਹਿਤਕ ਪੱਖੋਂ ਇਕਾਂਗੀ ਬਲਵੰਤ ਗਾਰਗੀ ਦੀ ਬੇਜੋੜ ਰਚਨਾ ਹੈ।

## ਆਪ-ਬੀਤੀ
## (ਗੁਰਚਰਨ ਸਿੰਘ ਜਸੂਜਾ)

**'ਆਪ ਬੀਤੀ' ਇਕਾਂਗੀ ਦੀ ਸਾਹਿਤਕ ਪਰਖ ਕਰੋ ?**

'ਆਪ ਬੀਤੀ' ਇਕਾਂਗੀ ਪੰਜਾਬੀ ਦੇ ਮੰਨੇ ਪ੍ਰਮੰਨੇ ਨਾਟਕਕਾਰ ਗੁਰਚਰਨ ਸਿੰਘ ਜਸੂਜਾ ਦਾ ਲਿਖਿਆ ਹੋਇਆ ਹੈ। ਉਸ ਦੇ ਨਾਟਕਾਂ ਤੇ ਇਕਾਂਗੀਆਂ ਦੇ ਵਿਸ਼ੇ ਬਹੁ-ਭਾਂਤੀ ਹਨ। ਡਾ. ਰਘਬੀਰ ਸਿੰਘ ਅਨੁਸਾਰ ਉਸਦੇ ਨਾਟਕਾਂ ਦੀ ਵਿਸ਼ੇਸ਼ ਖੂਬੀ ਸਮਾਜਿਕ ਪ੍ਰਤਿਬੱਧਤਾ ਤੇ ਦਾਰਸ਼ਨਿਕਤਾ ਹੈ। ਮੁੱਢਲੇ ਨਾਟਕਾਂ ਵਿਚ ਉਸ ਨੇ ਸਮਾਜਵਾਦੀ ਦ੍ਰਿਸ਼ਟੀਕੋਣ ਦੀ ਪ੍ਰੋੜ੍ਹਤਾ ਵੀ ਕੀਤੀ ਹੈ। ਜਸੂਜਾ ਦੇ ਨਾਟਕਾਂ ਵਿਚ ਕਈ ਅਣਛੋਹੇ ਵਿਸ਼ੇ ਵੀ ਆਏ ਹਨ। ਮਸਲਨ ਦੁਕਾਨਦਾਰ ਜਾਂ ਵਪਾਰੀ ਤਬਕਾ ਉਸ ਦੇ ਨਾਟਕਾਂ ਦੀ ਵਸਤੂ ਬਣਿਆ ਹੈ। ਆਪ-ਬੀਤੀ, ਗਊ ਮੁਖਾ ਸ਼ੇਰ ਮੁਖਾ ਆਦਿ ਇਕਾਂਗੀ ਇਸ ਦੀ ਉਦਾਹਰਣ ਹਨ। ਇਸ ਦੇ ਨਾਟਕ ਅਤੇ ਇਕਾਂਗੀ ਵਸਤੂ ਦੀ ਚੋਣ ਤੇ ਵਿਸ਼ੇ ਦੇ ਨਿਭਾ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹਨ।

**ਵਿਸ਼ਾ-ਵਸਤੂ**

ਇਸ ਇਕਾਂਗੀ ਦਾ ਮੁੱਖ ਵਿਸ਼ਾ ਉਸ ਦੁਕਾਨਕਾਰ ਦੀ ਆਪ-ਬੀਤੀ ਨੂੰ ਪੇਸ਼ ਕਰਦਾ ਹੈ ਜੋ ਗ੍ਰਾਹਕ ਤੋਂ ਬਹੁਤ ਹੀ ਉਚਿਤ ਲਾਭ ਲੈਂਦੀ ਹੈ। ਪਰ ਇਸ ਦੇ ਬਾਵਜੂਦ ਉਸਨੂੰ ਚੋਰ ਤੇ ਨਜਾਇਜ਼ ਖੱਟੀ ਕਰਨ ਵਾਲੀ ਸ਼੍ਰੇਣੀ ਸਮਝਿਆ ਜਾਂਦਾ ਹੈ। ਦੁਕਾਨਦਾਰੀ ਇਕ ਅਜਿਹਾ ਪੇਸ਼ਾ ਹੈ ਜਿਸ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਲਈ ਵੀ ਚੰਗੀ ਜਾਂਚ ਤੇ ਹੁਨਰ ਦੀ ਲੋੜ ਹੈ। ਦੂਸਰਾ ਬਾਜ਼ਾਰ ਵਿਚ ਬੈਠੇ ਛਾਬੜੀਆਂ ਵਾਲੇ, ਏਜੰਟ ਤੇ ਇਨਸਪੈਕਟਰ ਆਦਿ ਉਸ ਦੇ ਤੇਜ਼ ਰਫ਼ਤਾਰ ਨਾਲ ਚਲ ਰਹੇ ਕੰਮ ਵਿਚ ਜਾਣ-ਬੁੱਝ ਕੇ ਰੁਕਾਵਟਾਂ ਖੜ੍ਹੀਆਂ ਕਰਦੇ ਹਨ। ਡਾ. ਰਘਬੀਰ ਸਿੰਘ ਅਨੁਸਾਰ ਗੁਰਚਰਨ ਸਿੰਘ ਜਸੂਜਾ ਦਾ ਇਹ ਇਕਾਂਗੀ ਉਸ ਵਰਗ ਦੇ ਹੱਕ ਵਿਚ ਭੁਗਦਤਾ ਹੈ ਜਿਸ ਨੂੰ ਆਮ ਤੌਰ ਤੇ ਅਣਗੌਲਿਆ ਕੀਤਾ ਜਾਂਦਾ ਹੈ ਤੇ ਨਾਂਹ ਪੱਖੀ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਂਦਾ ਹੈ। ਖ਼ੁਦ ਇਕਾਂਗੀ ਦਾ ਮੁੱਖ ਪਾਤਰ ਇਹ ਗੱਲ ਆਪਣੇ ਵਾਰਤਾਲਾਪ ਵਿਚ ਤਸਲੀਮ ਕਰਦਾ ਹੈ। ਇਹ ਵਰਗ ਹੈ ਦੁਕਾਨਦਾਰ ਵਰਗ, ਇਸ ਦੀ ਆਪ-ਬੀਤੀ ਇਕਾਂਗੀਕਾਰ ਨੇ ਦੁਕਾਨਦਾਰ ਪਾਤਰ ਰਾਹੀਂ ਪੇਸ਼ ਕੀਤੀ ਹੈ। ਇਕਾਂਗੀ ਦੇ ਮੁੱਖ ਪਾਤਰ ਦੁਕਾਨਦਾਰ ਦਾ ਛਾਬੇ ਵਾਲੇ, ਏਜੰਟ, ਕੁੜੀ, ਰਾਮੂ, ਪਤੀ-ਪਤਨੀ, ਇਸਤਰੀ, ਬੁੱਢੀ, ਗਾਹਕ ਜਗਦੇਵ, ਸੋਹਨ ਲਾਲ ਆਦਿ ਨਾਲ ਵਾਹ ਪੈਂਦਾ ਹੈ। ਕੋਈ ਵੀ ਵਿਅਕਤੀ ਉਸਦੀਆਂ ਸਮੱਸਿਆਵਾਂ ਨੂੰ ਨਹੀਂ ਸਮਝਦਾ। ਹਰ ਬੰਦਾ ਆਪਣੇ ਦ੍ਰਿਸ਼ਟੀਕੋਣ ਤੋਂ ਉਸ ਨੂੰ ਨਿੰਦਦਾ ਹੈ ਜਾਂ ਉਸਦਾ ਨੁਕਸਾਨ ਕਰਦਾ ਹੈ ਹਰ ਬੰਦੇ ਦੇ ਮਨ ਵਿਚ ਵਸਿਆ ਹੋਇਆ ਹੈ ਕਿ ਦੁਕਾਨਦਾਰ ਚੋਰ ਹੁੰਦੇ ਹਨ ਅਤੇ ਜ਼ਿਆਦਾ ਲਾਭ ਖੱਟਦੇ ਹਨ। ਇਹ ਦੁਕਾਨਦਾਰ ਹਰ ਗਾਹਕ ਨੂੰ ਮੁਨਾਸਿਬ ਲਾਭ ਲੈ ਕੇ ਸਮਾਨ ਵੇਚਣਾ ਚਾਹੁੰਦਾ ਹੈ, ਲੇਕਿਨ ਕੋਈ ਉਸ ਤੇ ਵਿਸ਼ਵਾਸ ਨਹੀਂ ਕਰਦਾ।

**ਪਲਾਟ ਜਾਂ ਗੋਂਦ :**

ਇਸ ਇਕਾਂਗੀ ਦੀ ਗੋਂਦ ਕੁਝ ਘਟਨਾਵਾਂ ਦਾ ਅਜਿਹਾ ਕ੍ਰਮ-ਬੱਧ ਸੰਯੋਜਨ ਹੈ ਜਿਹੜਾ ਜੀਵਨ ਦੀ ਇਕ ਕਠੋਰ

ਸਚਾਈ ਨੂੰ ਸਥਾਪਤ ਕਰਦਾ ਹੈ। ਲਟਕਾਅ ਅਤੇ ਲੁਕੋਅ ਦੀ ਥਾਂ ਪ੍ਰਬਲਤਾ ਅਤੇ ਤੀਬਰਤਾ ਨੂੰ ਇਸ ਇਕਾਂਗੀ ਦੀ ਗੋਦ ਵਿਚ ਵਧੇਰੇ ਥਾਂ ਦਿੱਤੀ ਗਈ ਹੈ। ਇਸ ਇਕਾਂਗੀ ਦੀ ਘਟਨਾ ਲੜੀ ਕੇਵਲ ਇਕੋ ਪਾਤਰ ਨੂੰ ਆਪਣੇ ਕਲਾਵੇ ਵਿਚ ਨਹੀਂ ਲੈ ਕੇ ਤੁਰਦੀ ਹੈ। ਆਪ-ਬੀਤੀ ਇਕਾਂਗੀ ਦੇ ਆਰੰਭ ਵਿਚ ਦੁਕਾਨਦਾਰ ਦਰਸ਼ਕਾਂ ਨੂੰ ਸੰਬੋਧਿਤ ਹੋ ਕੇ ਇਕਾਂਗੀ ਦੇ ਮੂਲ ਵਿਸ਼ੇ ਨਾਲ ਜਾਣ-ਪਛਾਣ ਕਰਾਉਂਦਾ ਹੈ। ਉਸ ਤੋਂ ਬਾਅਦ ਕੇਲਿਆਂ ਵਾਲੇ ਦਾ ਦੁਕਾਨ ਅੱਗੇ ਛਾਬੇ ਲਾਉਣਾ, ਏਜੰਟ ਦਾ ਆਉਣਾ, ਪਤੀ-ਪਤਨੀ ਦਾ ਆਉਣਾ, ਬੁੱਢੀ ਦਾ ਸਥਾਨ ਲੈ ਕੇ ਆਉਣਾ, ਗਾਹਕ ਦਾ ਬੁਨੈਣ ਲੈਣ ਆਉਣਾ, ਸੋਹਣ ਲਾਲ ਨਾਲ ਬਦਕਲਾਮੀ, ਇਨਸਪੈਕਟਰ ਦਾ ਆਉਣਾ, ਦੁਕਾਨ ਬੰਦ ਕਰਨ ਦੀ ਘੰਟੀ ਦਾ ਵੱਜਣਾ ਆਦਿ ਘਟਨਾਵਾਂ ਵਾਪਰਦੀਆਂ ਹਨ ਪਰ ਇਹ ਘਟਨਾਵਾਂ ਬਹੁਤ ਹੀ ਰੌਚਿਕ, ਉਤਸੁਕਤਾ-ਭਰਪੂਰ ਤੇ ਸੁਆਦਲੀਆਂ ਹਨ। ਇਕਾਂਗੀ ਵਿਚ ਹਾਸ-ਰਸ ਵੀ ਹੈ। ਇਸ ਵਿਚ ਸਮੇਂ ਸਥਾਨ ਤੇ ਕਾਰਜ ਦੀ ਏਕਤਾ ਮੁੱਢੇ ਤੋਂ ਲੈ ਕੇ ਅਖੀਰ ਤੱਕ ਕਾਇਮ ਰਹਿੰਦੇ ਹਨ। ਇਸ ਇਕਾਂਗੀ ਦਾ ਅੰਤ ਵੀ ਅਸਰਦਾਇਕ ਹੈ।

**ਪਾਤਰ ਚਿਤਰਨ**

ਇਕਾਂਗੀਕਾਰ ਦੀ ਇੱਕ ਮਹੱਤਵਪੂਰਨ ਗੱਲ, ਪਾਤਰ ਚਿਤਰਨ ਦੇ ਸਿਲਸਿਲੇ ਵਿਚ ਇਹ ਹੈ ਕਿ ਉਸ ਨੇ ਮਾਨਸਿਕ ਸੰਘਰਸ਼ ਵਿਚ ਉਲਝੇ ਪਾਤਰਾਂ ਦੀ ਪੇਸ਼ਕਾਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਉਸ ਨੇ ਪਾਤਰਾਂ ਦੇ ਮਨੋਭਾਵਾਂ ਨੂੰ ਅਨੁਭਵ ਯੋਗ ਅਤੇ ਸੰਵੇਦਨਸ਼ੀਲ ਬਾਹਰੀ ਪ੍ਰਗਟਾਵਾ ਦੇਣਾ ਜ਼ਰੂਰੀ ਸਮਝਿਆ ਹੈ ਤਾਂ ਕਿ ਉਨ੍ਹਾਂ ਦੇ ਅੰਤਰ-ਮਨ ਦੀ ਸਥਿਤੀ ਨੂੰ ਮੰਚ ਤੇ ਸਾਕਾਰ ਕੀਤਾ ਜਾ ਸਕੇ। ਇਸ ਇਕਾਂਗੀ ਦਾ ਪਾਤਰ ਉਸਾਰੀ ਦਾ ਇਕ ਹੋਰ ਲੱਛਣ ਇਨ੍ਹਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਹੈ। ਇਕ ਇਕਾਂਗੀ ਦੇ ਕੁਝ ਪਾਤਰ ਇਕੱਲੇ ਹੋ ਕੇ ਹੀ ਇਕੱਲੇ ਨਹੀਂ ਵਿਚਰਦੇ ਸਗੋਂ ਪ੍ਰਤੀਕ ਜਾਂ ਪ੍ਰਤਿਨਿਧ ਪਾਤਰ ਹੋ ਨਿਬੜਦੇ ਹਨ ਤੇ ਪੂਰੀ ਦੀ ਪੂਰੀ ਸ਼੍ਰੇਣੀ, ਵਰਗ, ਜਮਾਤ ਜਾਂ ਪੀੜ੍ਹੀ ਆਪਣੇ ਮਗਰ ਲੈ ਕੇ ਖੜ੍ਹੇ ਹਨ ਜਿਵੇਂ ਆਪ ਬੀਤੀ ਇਕਾਂਗੀ ਦਾ ਮੁੱਖ-ਪਾਤਰ ਦੁਕਾਨਦਾਰ ਸ਼੍ਰੇਣੀ ਦੀ ਪ੍ਰਤਿਨਿੱਧਤਾ ਕਰਦਾ ਹੈ। ਇਸੇ ਤਰ੍ਹਾਂ ਇਨਸਪੈਕਟਰ ਵੀ ਪੂਰੇ ਇਨੰਸਪੈਕਟਰ ਵਰਗ ਦੀ ਪ੍ਰਤਿਨਿਧਤਾ ਕਰਦਾ ਹੈ ਜਿਵੇਂ ਕਿ ਦੁਕਾਨਦਾਰ ਇਸ ਇਕਾਂਗੀ ਦੇ ਸ਼ੁਰੂ ਵਿਚ ਹੀ ਆਖਦਾ ਹੈ :

''ਜੀ ਹਾਂ, ਨਾਟਕ ਦਾ ਸਮਾਂ ਹੋ ਗਿਆ ਹੈ। ਅੱਜ ਸ਼ਾਮ ਆਪ ਦੇ ਸਾਹਮਣੇ ਗੁਰਚਰਨ ਸਿੰਘ ਜਸੂਜਾ ਦਾ ਨਾਟਕ 'ਆਪ ਬੀਤੀ' ਪੇਸ਼ ਕੀਤਾ ਜਾ ਰਿਹਾ ਹੈ। ਇਹ ਉਹ ਨਾਟਕ ਹੈ ਜੋ ਉਸ ਨੇ ਮੇਰੇ ਬਾਰੇ ਲਿਖਿਆ ਹੈ। ਜੀ ਹਾਂ ਮੇਰੇ ਬਾਰੇ, ਇਹ ਮੇਰੀ ਹੀ ਆਪ ਬੀਤੀ ਹੈ। ਮੈਂ ਹੀ ਇਸ ਨਾਟਕ ਦਾ ਮੁੱਖ ਪਾਤਰ ਹਾਂ। ਤੁਸੀਂ ਪੁਛੋਗੇ ਮੈਂ ਕੌਣ ਆਂ ? ਓਹੀ ਤਾਂ ਮੈਂ ਦੱਸਣ ਲੱਗਾ ਹਾਂ। ਮੈਂ ਇਕ ਦੁਕਾਨਦਾਰ ਹਾਂ ਤੇ ਇਹ ਮੇਰੀ ਦੁਕਾਨ ਐ। ਇਨ੍ਹਾਂ ਅਲਮਾਰੀਆਂ, ਇਨ੍ਹਾਂ ਸ਼ੋ ਕੇਸਾਂ ਵਿਚ ਜੋ ਪਿਆ ਹੈ, ਸਭ ਵਿਕਾਊ ਹੈ। ਇਹ ਲੇਡੀਜ਼ ਪਰਸ, ਇਹ ਜੁਰਾਬਾਂ ਬਨੈਣਾਂ, ਇਹ ਲਿਪਸਟਿਕਾਂ, ਪਾਊਡਰ, ਇਸ ਸੈਟ, ਤੇਲ ਤੇ ਸ਼ਿੰਗਾਰ ਬਕਸ ਸਭ ਵਿਕਾਊ ਹਨ।

ਪਾਤਰ ਚਿਤਰਨ ਕਰਨ ਲਈ ਇਕਾਂਗੀਕਾਰ ਨੇ ਪਾਤਰਾਂ ਦੀ ਪਰਸਪਰ ਅਤੇ ਪਾਤਰਾਂ ਦੇ ਆਪਣੇ ਮੂੰਹ ਨਾਲ ਆਖੇ ਸ਼ਬਦਾਂ ਨਾਲ ਪਾਤਰ ਚਿਤਰਨ ਕੀਤਾ ਹੈ ਜਿਵੇਂ ਦੁਕਾਨਦਾਰ ਦੇ ਮੂੰਹੋਂ ਨਿਕਲੇ ਹੇਠ ਲਿਖੇ ਸ਼ਬਦ ਵੇਖਣ ਯੋਗ ਹਨ –

'ਮੈਂ ਤਾਂ ਕਦੀ ਧੇਲਾ ਨਹੀਂ ਮੰਗਿਆ।' ਛੁੱਟੀ ਵਾਲੇ ਦਿਨ ਜੇ ਕੋਈ ਖਾਲੀ ਥੜੇ ਤੇ ਬੈਠ ਜਾਵੇ, ਤਾਂ ਸਾਡਾ ਕੀ ਘਸ ਜਾਦੇ ਮੈਂ ਤਾਂ ਸਮਝਨਾ ਸਾਨੂੰ ਇਨ੍ਹਾਂ ਲੋਕਾਂ ਨਾਲ ਹਮਦਰਦੀ ਕਰਨੀ ਚਾਹੀਦੀ ਏ। ਵਿਚਾਰੇ ਦੁਕਾਨਾਂ ਦੇ ਕਿਰਾਏ ਭਰ ਸਕਣ ਦੇ ਕਾਬਲ ਹੁੰਦੇ, ਤਾਂ ਸੜਕਾਂ ਦੇ ਕੰਢੇ ਪਏ ਥਾਂ ਥਾਂ ਰੁਲਦੇ ?

ਜਾਂ

'ਜੀ ਹਾਂ, ਇਕ ਤਰ੍ਹਾਂ ਨਾਲ ਮੈਂ ਵੀ। ਮੈਂ ਆਪਣੀ ਸਰਵਿਸ, ਆਪਣੀ ਕਾਬਲੀਅਤ ਵੇਚਦਾ ਹਾਂ। ਦੂਸਰੇ ਦੀ ਜੇਬ ਵਿਚੋਂ ਕਮਾਈ ਕੱਢਣੀ ਕੋਈ ਸੌਖੀ ਗੱਲ ਤਾਂ ਨਹੀਂ, ਸ੍ਰੀ ਮਾਨ ਜੀ। ਇਸ ਦੀ ਵੀ ਜਾਚ ਆਉਣੀ ਚਾਹੀਦੀ ਹੈ। ਇਹ ਵੀ ਇਕ ਹੁਨਰ ਹੈ। ਏਸ ਹੁਨਰ ਦੇ ਸਹਾਰੇ ਹੀ ਮੈਂ ਇਸ ਦਰਿਆ ਦੇ ਕਿਨਾਰੇ ਹੱਟੀ ਸਜਾਈ ਬੈਠਾ ਹਾਂ।

**ਵਾਰਤਾਲਾਪ**

ਕਿਸੇ ਇਕਾਂਗੀ ਦੀ ਸਫਲਤਾ ਲਈ ਇਕਾਂਗੀਕਾਰ ਦਾ ਇਕੋ ਇਕ ਸ਼ਕਤੀਸ਼ਾਲੀ ਹਥਿਆਰ ਵਾਰਤਾਲਾਪ ਹੀ ਹੁੰਦਾ ਹੈ। ਆਪ-ਬੀਤੀ ਇਕਾਂਗੀ ਵਿਚ ਇਕਾਂਗੀਕਾਰ ਨੇ ਵਾਰਤਾਲਾਪ ਨੂੰ ਬਹੁ-ਮੰਤਵੀ ਪੂਰਤੀ ਲਈ ਪ੍ਰਯੁਕਤ ਕੀਤਾ ਹੈ। ਇਸ ਇਕਾਂਗੀ ਵਿਚ ਵਾਰਤਾਲਾਪ ਕਹਾਣੀ ਨੂੰ ਅੱਗੇ ਤੋਰਦੀ ਹੈ। ਵਿਸ਼ੇ ਦਾ ਸੁਝਾਅ ਦਿੰਦੀ ਹੈ ਅਤੇ ਪਾਤਰਾਂ ਦਾ ਸੁਭਾਅ ਦੱਸਦੀ ਹੈ ਜਿਸ ਬਾਰੇ ਬੋਲੀ ਜਾਂਦੀ ਹੈ, ਉਸ ਦਾ ਉਲੇਖ ਕਰਦੀ ਹੈ ਅਤੇ ਇਕਾਂਗੀ ਦਾ ਆਨੰਦ ਮਾਣ ਰਹੇ ਦਰਸ਼ਕਾਂ ਦੇ ਮਨ ਵਿਚ

ਉਹ ਅਰਥ ਉਜਾਗਰ ਕਰਨ ਦਾ ਯਤਨ ਕਰਦੀ ਹੈ ਜੋ ਇਕਾਂਗੀ ਵਿਚ ਛੁਪੇ ਹੁੰਦੇ ਹਨ। ਗੁਰਚਰਨ ਸਿੰਘ ਜਸੂਜਾ ਦੇ ਇਕਾਂਗੀ 'ਆਪ-ਬੀਤੀ' ਵਿਚ ਹੇਠ ਲਿਖੀ ਵਾਰਤਾਲਾਪ ਸਾਡੇ ਉਪਰੋਕਤ ਕਥਨ ਦੀ ਪੁਸ਼ਟੀ ਕਰਦੀ ਹੈ।

ਜਗਦੇਵ : ਇਹ ਗੱਲ ਰਹਿਣ ਦੇ ਰਾਜ ਗੁੱਸਾ ਨਾ ਕਰੀ, ਮੈਂ ਇਕ ਜਨਰਲ ਰਾਇ ਦੱਸਣ ਲੱਗਾਂ। ਮੇਰਾ ਵਿਚਾਰ ਤਾਂ ਇਹੀ ਬਣਿਐ ਕਿ ਦੁਕਾਨਦਾਰ ਸਕੇ ਪਿਉ ਦਾ ਲਿਹਾਜ਼ ਨਹੀਂ ਕਰਦਾ। ਤੇ ਜੇ ਕੋਈ ਵਾਕਫ ਰਿਸ਼ਤੇਦਾਰ ਭਰੋਸਾ ਕਰਕੇ ਸੋਦਾ ਲੈਣ ਆ ਜਾਵੇ ਤਾਂ ਉਹ ਵੱਧ ਤੋਂ ਵੱਧ ਛਿਲ ਲਾਹੁਣ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਅਗਲੇ ਨੇ ਅੱਗੋਂ ਬੋਲਣਾ ਨਹੀਂ ਹੁੰਦਾ, ਜੋ ਲੈ ਲਵੇ ਠੀਕ ਐ ?

ਦੁਕਾਨਦਾਰ : ਤੇਰਾ ਗਲਤ ਖਿਆਲ ਐ।

ਜਗਦੇਵ : ਡੌਂਟ ਮਾਈਂਡ। ਮੈਂ ਤੇਰੀ ਗੱਲ ਨਹੀਂ ਕਰਦਾ, ਮੈਂ ਤਾਂ ਜਨਰਲ ਗੱਲ ਕੀਤੀ ਏ, ਕਿਉਂਕਿ ਮੈਂ ਤਾਂ ਸਾਫ਼- ਸਾਫ਼ ਕਹਿ ਦੇਣ ਵਾਲਾ ਬੰਦਾ ਹਾਂ।

ਦੁਕਾਨਦਾਰ : ਚੰਗਾ ਬਈ ਤੇਰੀ ਮਰਜ਼ੀ। ਪਰ ਇੰਨੀ ਗੱਲ ਜ਼ਰੂਰ ਆਖਾਂਗਾ, ਪੰਜੇ ਉਂਗਲਾਂ ਇਕੋ ਜਿਡੀਆਂ ਤਾਂ ਨਹੀਂ ਹੁੰਦੀਆਂ।

ਜਗਦੇਵ : ਹਾਂ ਇਹ ਗੱਲ ਮੰਨੀ। ਹੱਛਾ ਬਈ ਫੇਰ ਮਿਲਾਂਗੇ। (ਜਗਦੇਵ ਚਲਾ ਜਾਂਦਾ ਹੈ)

ਦੁਕਾਨਦਾਰ : (ਬੜੇ ਅਫਸੋਸ ਨਾਲ ਦਰਸ਼ਕਾਂ ਵੱਲ ਭੱਜਦਾ ਹੈ) ਲਾਅਨਤ ਹੈ ਏਸ ਦੁਕਾਨਦਾਰੀ ਤੇ। ਆਪਣੇ ਦੋਸਤ ਵੀ ਭਰੋਸਾ ਨਹੀਂ ਕਰਦੇ। ਪਰਾਏ ਪੱਥਰ ਮਾਰਨ ਤਾਂ ਬੰਦਾ ਸਹਿ ਜਾਂਦਾ ਏ। ਜੇ ਆਪਣੇ ਫੁੱਲ ਮਾਰਨ ਤਾਂ ਦਰਦ ਬਰਦਾਸ਼ਤ ਨਹੀਂ ਹੁੰਦੀ। (ਠੰਢਾ ਸਾਹ ਭਰਕੇਂ ਵਾਹ ਰੀ ਦੁਕਾਨਕਾਰੀ। ਇਸ ਵਾਰਤਾਲਾਪ ਦੀ ਇਕ ਹੋਰ ਖੂਬੀ ਇਹ ਹੈ ਕਿ ਇਹ ਲੰਬੀ ਤੇ ਲੱਛੇਦਾਰ ਨਹੀਂ ਸਗੋਂ ਸੰਖੇਪ ਅਤੇ ਭਾਵ ਪੂਰਤ ਹੈ।

**ਵਾਤਾਵਰਨ**

ਇਸ ਇਕਾਂਗੀ ਦਾ ਵਾਤਾਵਰਨ ਸਿਰਜਣ ਲਗਿਆਂ ਇਕਾਂਗੀਕਾਰ ਨੇ ਕੋਈ ਅਤੇ ਕਿਸੇ ਪ੍ਰਕਾਰ ਦੀ ਕਸਰ ਨਹੀਂ ਛੱਡੀ। ਇਸ ਇਕਾਂਗੀ ਦਾ ਵਾਤਾਵਰਣ ਬਜ਼ਾਰ ਵਿਚਲੀ ਇਕ ਮੁਨਿਆਰੀ ਦੀ ਦੁਕਾਨ ਹੈ, ਜਿਸ ਵਿਚ ਸੁੰਦਰ ਅਲਮਾਰੀਆਂ, ਖੂਬਸੂਰਤ ਕੇਸ, ਅਤੇ ਮੁਨਿਆਦੀ ਦਾ ਹੋਰ ਸਮਾਨ ਇਧਰ ਉਧਰ ਪਿਆ ਹੈ, ਬਜ਼ਾਰ ਦੇ ਅੱਗੇ ਛੋਟੀਆਂ ਛਾਬੜੀਆਂ, ਕੇਲੇ ਦੀਆਂ ਦੁਕਾਨਾਂ, ਆਦਿ ਦਿਖਾਈ ਦਿੰਦੀਆਂ ਹਨ। ਬਾਜ਼ਾਰ ਵਿਚ ਬਹੁਤ ਗਹਿਮਾ ਗਹਿਮੀ ਹੈ। ਇਕਾਂਗੀ ਦੇ ਅਖੀਰ ਵਿਚ ਦੁਕਾਨਾਂ ਬੰਦ ਕਰਨ ਦੀ ਸੂਚਨਾ ਦੇਣ ਲਈ ਇਕ ਘੰਟੀ ਵਕਤ ਸਿਰ ਵੱਜਦੀ ਹੈ। ਇੰਜ ਅਸੀਂ ਦੇਖਦੇ ਹਾਂ ਕਿ ਇਕਾਂਗੀ ਦਾ ਸਾਰਾ ਵਾਤਾਵਰਣ ਬਹੁਤ ਹੀ ਕੁਦਰਤੀ ਯਥਾਰਥਕ ਅਤੇ ਆਕਰਸ਼ਤ ਹੈ।

**ਭਾਸ਼ਾ**

ਇਸ ਇਕਾਂਗੀ ਦੀ ਭਾਸ਼ਾ ਆਮ ਬੋਲ ਚਾਲ ਦੀ ਭਾਸ਼ਾ ਹੈ। ਇਸ ਵਿਚ ਕਿਧਰੇ ਵੀ ਕੋਈ ਬਨਾਵਟ ਨਹੀਂ। ਇਸ ਭਾਸ਼ਾ ਦੇ ਮਾਧਿਅਮ ਨਾਲ ਇਕ ਦੁਕਾਨਦਾਰ ਦੀ ਆਪ-ਬੀਤੀ ਨੂੰ ਕਲਾਮਈ ਅਤੇ ਸੰਜਮੀ ਢੰਗ ਨਾਲ ਪੇਸ਼ ਕੀਤਾ ਹੈ। ਇਸ ਤੋ ਇਲਾਵਾ ਇਸ ਇਕਾਂਗੀ ਦੀ ਭਾਸ਼ਾ ਦੀ ਭਾਸ਼ਾ ਵਿਚ ਸੂਖਮਤਾ, ਚੋਭ ਤੇ ਨਾਟਕੀ ਸੰਬੋਧਨ ਦੀ ਸ਼ਕਤੀ ਹੈ। ਪਾਤਰ ਨਾ ਸਿਰਫ ਆਪਸ ਵਿਚ ਗੱਲ ਕਰ ਰਹੇ ਹੁੰਦੇ ਹਨ ਸਗੋਂ ਉਹ ਦਰਸ਼ਕ ਨੂੰ ਸੰਬੋਧਿਤ ਹੋ ਰਹੇ ਹੁੰਦੇ ਹਨ ਜੋ ਇਕ ਵਧੀਆ ਭਾਸ਼ਾ ਦਾ ਲੱਛਣ ਹੈ। ਇਕਾਂਗੀਕਾਰ ਨੇ ਭਾਸ਼ਾ ਦੀ ਮਦਦ ਨਾਲ ਨਾਟਕੀਅਤਾ ਸਿਰਜਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ।

**ਰੰਗ-ਮੰਚ**

ਨਾਟਕ ਦੇ ਰੰਗ-ਮੰਚ ਦਾ ਅਨਿੱਖੜ ਸੰਬੰਧ ਹੈ। ਇਸ ਕਰਕੇ ਹੀ ਗੁਰਚਰਨ ਸਿੰਘ ਜਸੂਜਾ ਨੇ ਆਪਣੀ ਇਕਾਂਗੀ ਵਿਚ ਮੰਚ ਨਿਰਦੇਸ਼ਾਂ ਦੇ ਨਾਲ-ਨਾਲ ਵਿਵਹਾਰ ਨੂੰ ਖੋਲ੍ਹ ਕੇ ਬਿਆਨ ਕੀਤਾ ਹੈ। ਇਸ ਕਰਕੇ ਇਹ ਇਕਾਂਗੀ ਬਹੁਤ ਹੀ ਸਫਲਤਾ ਨਾਲ ਮੰਚ ਉਪਰ ਖੇਡਿਆ ਜਾ ਸਕਦਾ ਹੈ ਕਿਉਂਕਿ ਇਸ ਇਕਾਂਗੀ ਵਿਚ ਬਹੁਤ ਸਾਰੇ ਰੰਗ ਮੰਚੀ ਗੁਣ ਮੌਜੂਦ ਹਨ।

**ਸਿਰਲੇਖ**

ਵਿਚਾਰ ਅਧੀਨ ਇਕਾਂਗੀ ਦਾ ਸਿਰਲੇਖ 'ਆਪ-ਬੀਤੀ' ਢੁੱਕਵਾਂ ਹੈ ਕਿਉਂਕਿ ਸਾਰਾ ਇਕਾਂਗੀ ਇਕ ਦੁਕਾਨਦਾਰ ਦੀ ਆਪ-ਬੀਤੀ ਨਾਲ ਸੰਬੰਧਿਤ ਹੈ। ਇਹ ਹੀ ਇਸ ਇਕਾਂਗੀ ਦਾ ਕੇਂਦਰੀ ਵਿਸ਼ਾ ਹੈ ਤੇ ਸਾਰਾ ਇਕਾਂਗੀ ਇਸ ਦੇ ਇਰਦ ਗਿਰਦ ਹੀ ਘੁੰਮਦਾ ਹੈ।

# ''ਉਧਾਲੀ ਹੋਈ ਕੁੜੀ''

## 'ਉਧਾਲੀ ਹੋਈ ਕੁੜੀ' ਇਕਾਂਗੀ ਦੀ ਸਾਹਿਤਕ ਪਰਖ

ਇਹ ਇਕਾਂਗੀ ਪੰਜਾਬੀ ਦੇ ਜਾਣੇ-ਪਛਾਣੇ ਨਾਟਕਕਾਰ ਅਤੇ ਨਿਰਦੇਸ਼ਕ ਸ. ਕਪੂਰ ਸਿੰਘ ਘੁੰਮਣ ਦਾ ਲਿਖਿਆ ਹੋਇਆ ਹੈ ਜਿਹੜਾ ਸਭ ਤੋਂ ਵੱਧ ਖੇਡਿਆ ਜਾਣ ਵਾਲਾ ਨਾਟਕਕਾਰ ਹੈ। ਡਾ. ਰਘਬੀਰ ਸਿੰਘ ਅਨੁਸਾਰ ਕਪੂਰ ਸਿੰਘ ਘੁੰਮਣ ਇੱਕ ਪ੍ਰਯੋਗਸ਼ੀਲ ਨਾਟਕਕਾਰ ਹੈ। ਉਸ ਦੇ ਨਾਟਕਾਂ ਦਾ ਕੇਂਦਰੀ ਵਸਤੂ ਇਸਤਰੀ ਪੁਰਸ਼ ਸੰਬੰਧ ਤੇ ਸਮਾਜਿਕ ਵਿਡੰਬਨਾਵਾਂ ਹਨ। ਤਕਨੀਕੀ ਦ੍ਰਿਸ਼ਟੀ ਤੋਂ ਘੁੰਮਣ ਨੇ ਸ਼ਾਇਦ ਸਭ ਤੋਂ ਵੱਧ ਪ੍ਰਯੋਗ ਕੀਤੇ। ਪਰਛਾਵਿਆਂ ਦੀ ਜੁਗਤ ਤੋਂ ਲੈ ਕੇ ਪੁਤਲੀ ਨਾਟ ਤੱਕ ਦੇ ਪ੍ਰਯੋਗ ਉਸਦੇ ਨਾਟਕਾਂ ਵਿਚ ਸ਼ਾਮਿਲ ਹਨ। ਯਥਾਰਥਵਾਦੀ ਨਾਟ ਸ਼ੈਲੀ ਤੋਂ ਇਲਾਵਾ ਸਰੈਖਤ ਦੇ ਐਪਿਕ ਥੀਏਟਰ ਦਾ ਪ੍ਰਭਾਵ ਵੀ ਉਸਦੇ ਨਾਟਕਾਂ ਵਿਚ ਨਜ਼ਰ ਆਉਂਦਾ ਹੈ।

**ਵਿਸ਼ਾ-ਵਸਤੂ**

ਇਸ ਇਕਾਂਗੀ ਦਾ ਕੇਂਦਰੀ ਵਿਸ਼ਾ ਵੀ 1947 ਦੇ ਘੱਲੂਘਾਰੇ ਨਾਲ ਸੰਬੰਧਤ ਹੈ। ਜਿਸ ਵਿਚ ਨਿਰਦੋਸ਼ ਔਰਤਾਂ ਦੀ ਇੱਜ਼ਤ ਖੁੱਸ ਗਈ ਅਤੇ ਉਹ ਘਰੋਂ ਬੇਘਰ ਅਤੇ ਵਤਨੋਂ ਬੇਵਤਨ ਹੋ ਗਈਆਂ। ਸਰਕਾਰ ਦੇ ਠੋਸ ਉਪਰਾਲਿਆਂ ਸਦਕਾ ਜਦੋਂ ਇਨ੍ਹਾਂ ਔਰਤਾਂ ਨੂੰ ਭਾਰਤ ਤੋਂ ਪਾਕਿਸਤਾਨ ਅਤੇ ਪਾਕਿਸਤਾਨ ਤੋਂ ਭਾਰਤ ਭੇਜਣ ਦਾ ਯਤਨ ਕੀਤਾ ਗਿਆ ਤਾਂ ਇਨ੍ਹਾਂ ਰੋਂਦੀਆਂ ਕੁਰਲਾਉਂਦੀਆਂ ਔਰਤਾਂ ਨੇ ਸਥਿਤੀਆਂ ਨਾਲ ਸਮਝੌਤਾ ਕਰਕੇ ਆਪਣੇ ਮਾਪਿਆਂ ਕੋਲ ਨਾ ਜਾਣ ਦਾ ਪ੍ਰਣ ਕੀਤਾ ਕਿਉਂਕਿ ਉਨ੍ਹਾਂ ਨੇ ਸੋਚਿਆ ਅਜਿਹੀ ਦਸ਼ਾ ਵਿਚ ਉਨ੍ਹਾਂ ਨੂੰ ਹੁਣ ਮਾਣ ਇੱਜ਼ਤ ਨਹੀਂ ਮਿਲ ਸਕਦੀ ਜਿਹੜੀ ਉਨ੍ਹਾਂ ਨੂੰ ਬੇਪੱਤੀ ਜਾਂ ਬੇਇੱਜ਼ਤੀ ਹੋਣ ਤੋਂ ਪਹਿਲਾਂ ਮਿਲਣੀ ਸੀ। ਇਸ ਦੇ ਉਲਟ ਉਨ੍ਹਾਂ ਨੂੰ ਉਥੇ ਜਾਣ ਤੇ ਹੋਰ ਬੇਇਜ਼ਤੀ ਅਤੇ ਤ੍ਰਿਸਕਾਰ ਸਹਿਣਾ ਪੈ ਸਕਦਾ ਹੈ। ਇਸ ਇਕਾਂਗੀ ਵਿਚ 'ਸਲਮਾ' ਇਕ ਅਜਿਹੀ ਨਿਰਦੋਸ਼ ਕੁੜੀ ਹੈ ਜੋ ਫਿਰਕੂਪੁਣੇ ਦਾ ਸ਼ਿਕਾਰ ਹੋ ਕੇ ਹੈਵਾਨਾਂ ਅਤੇ ਸ਼ੈਤਾਨਾਂ ਹੱਥੋਂ ਬੇਇਜ਼ਤ ਹੋਈ ਹੈ। ਡਾ. ਰਘਬੀਰ ਸਿੰਘ, ਅਨੁਸਾਰ ਇਹ ਇਕਾਂਗੀ ਉਨ੍ਹਾਂ ਸਥਿਤੀਆਂ ਤੇ ਵਿਅੰਗ ਹੈ ਜਿਹੜੀਆਂ ਦੇਸ਼ ਦੀ ਵੰਡ ਨੇ ਸਿਰਜ ਦਿੱਤੀਆਂ। ਉਹ ਲਿਖਦਾ ਹੈ ਕਿ ਕਪੂਰ ਸਿੰਘ ਦਾ ਇਕਾਂਗੀ ਉਧਾਲੀ ਹੋਈ ਕੁੜੀ 1947 ਦੇ ਘਟਨਾ ਕ੍ਰਮ ਨਾਲ ਜੁੜਿਆ ਹੋਇਆ ਹੈ। ਦੇਸ਼ ਵੰਡ ਤੋਂ ਬਾਅਦ ਇਧਰ ਰਹਿ ਗਈਆਂ ਮੁਸਲਮਾਨ ਕੁੜੀਆਂ ਨੂੰ ਪਾਕਿਸਤਾਨ ਪੁਚਾਉਣ ਤੇ ਉਧਰ ਰਹਿ ਗਈਆਂ ਹਿੰਦੂ ਸਿੱਖ ਕੁੜੀਆਂ ਨੂੰ ਭਾਰਤ ਪੁਚਾਉਣ ਦਾ ਸਿਲਸਿਲ੍ਹਾ ਆਰੰਭ ਹੋਇਆ ਸੀ। ਇਹ ਉਹ ਔਰਤਾਂ ਸਨ ਜਿਨ੍ਹਾਂ ਉਤੇ ਜ਼ੁਲਮ ਤੇ ਤਸ਼ਦੱਦ ਹੋਇਆ ਤੇ ਕਈ ਧਰਮ ਬਦਲਕੇ ਵਸ ਗਈਆਂ ਸਨ। ਬਹੁਤੀਆਂ ਮਨੋ ਆਪਣੇ ਪਰਿਵਾਰਾਂ ਵਿਚ ਮੁੜ ਜਾਣ ਲਈ ਤਿਆਰ ਨਹੀਂ ਸਨ ਕਿਉਂਕਿ ਪਹਿਲਾਂ ਵਾਲਾ ਮਾਣ ਇੱਜ਼ਤ ਮਿਲਣ ਦੀ ਸੰਭਾਵਨਾ ਨਹੀਂ ਸੀ। ਇਸ ਇਕਾਂਗੀ ਵਿਚ ਸਲਮਾ ਨਾਂ ਦੀ ਕੁੜੀ ਹੈ ਜੋ ਪਾਕਿਸਤਾਨ ਨਹੀਂ ਜਾਣਾ ਚਾਹੁੰਦੀ ਸਗੋਂ ਇਧਰ ਰਹਿਕੇ ਆਪਣੇ ਤੇ ਜ਼ੁਲਮ ਕਰਨ ਵਾਲੇ ਵਹਿਸ਼ੀਆਂ ਨੂੰ, ਆਪਣੇ ਪੇਟ ਵਿਚ ਪਲ ਰਹੇ ਪਾਪ ਨੂੰ ਜਨਮ ਦੇ ਕੇ ਸ਼ਰਮਿੰਦਾ ਕਰਨਾ ਚਾਹੁੰਦੀ ਹੈ। ਉਸਦਾ ਹਿੱਤ-ਚਿੰਤਕ ਵਿਰਸਾ ਆਪਣੇ ਮਿੱਤਰ ਖੜਕੂ ਦੀ ਵਹੁਟੀ ਕਰਤਾਰੋ ਨੂੰ ਵਿਸ਼ਵਾਸ ਵਿਚ ਲੈ ਕੇ ਸਲਮਾ ਨੂੰ ਉਸਦੇ ਘਰ ਲੁਕਾ ਦਿੰਦਾ ਹੈ ਤਾਂ ਕਿ ਪਿੰਡ ਵਿਚ ਆਈ ਪੁਲਿਸ ਸਲਮਾ ਨੂੰ ਪਾਕਿਸਤਾਨ ਨਾ ਪਹੁੰਚਾ ਦੇਵੇ। ਖੜਕੂ ਤੇ ਕਰਤਾਰੋ ਆਪਣੇ ਅੱਠ ਵਰ੍ਹਿਆਂ ਦੇ ਮੁੰਡੇ ਜੀਤੇ ਅਤੇ ਛੋਟੇ ਬੱਚੇ ਸਮੇਤ ਘੁੱਗ ਵਸਦੇ ਹਨ। ਜਦੋਂ ਪੁਲਿਸ ਘਰ ਆਉਂਦੀ ਹੈ ਤਾਂ ਉਹ ਕਰਤਾਰੋ ਨੂੰ ਨੂਰਦੀਨ ਲੁਹਾਰ ਦੀ ਧੀ ਬਰਕਤੇ ਹੋਣ ਕਰਕੇ 'ਉਧਾਲੀ ਹੋਈ ਕੁੜੀ' ਮੰਨਕੇ ਪਾਕਿਸਤਾਨ ਲੈ ਜਾਣ ਲਈ ਤਿਆਰ ਹੋ ਜਾਂਦੀ ਹੈ। ਖੜਕੂ ਤੇ ਕਰਤਾਰੋ ਵਾਸਤੇ ਪਾਉਂਦੇ ਹਨ ਕਿ ਉਹਨਾਂ ਦਾ ਦਸ ਵਰ੍ਹੇ ਪਹਿਲਾਂ ਵਿਆਹ ਹੋ ਚੁੱਕਾ ਹੈ, ਕਰਤਾਰੋ ਨੇ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਉਹ ਆਪਣੀ ਮਰਜ਼ੀ ਨਾਲ ਖੜਕੂ ਦੇ ਘਰ ਵਸ ਰਹੀ ਹੈ। ਉਸਦੇ ਮਾਪਿਆਂ ਨੂੰ ਵੀ ਇਸ ਦਾ ਪਤਾ ਹੈ। ਲੇਕਿਨ ਪੁਲਿਸ ਉਹਨਾਂ ਦੇ ਮਿੰਨਤਾਂ ਤਰਲਿਆਂ ਦੀ ਪ੍ਰਵਾਹ ਨਾ ਕਰਦੀ ਹੋਈ ਬੱਚੇ ਨੂੰ ਖੜਕੂ ਕੋਲ ਛੱਡ ਕਰਤਾਰੋ ਨੂੰ ਲੈ ਜਾਂਦੀ ਹੈ ਅਤੇ ਉਹਨਾਂ ਦਾ ਵਸਦਾ ਰਸਦਾ ਘਰ ਉਜਾੜ ਦਿੰਦੀ ਹੈ।

**ਗੋਂਦ**

ਕਪੂਰ ਸਿੰਘ ਘੁੰਮਣ ਨੇ ਇਸ ਇਕਾਂਗੀ ਵਿਚ ਹੋਰ ਰੋਚਕਤਾ ਪੈਦਾ ਕਰਨ ਲਈ ਜਿੱਥੇ ਕਹਾਣੀ ਤੱਤ ਜਾਂ ਘਟਨਾ

ਲੜੀ ਤੇ ਅਧਾਰਤ ਗੋਂਦ ਦਾ ਸਹਾਰਾ ਲਿਆ ਹੈ ਉਥੇ ਵਧੇਰੇ ਪ੍ਰਮੁੱਖਤਾ ਨਾਟਕੀ ਸਥਿਤੀ ਦੀ ਤੀਖਣਤਾ ਅਤੇ ਤੀਬਰਤਾ ਨੂੰ ਦਿੱਤੀ ਹੈ। ਲਟਕਾਅ ਅਤੇ ਲਕੋਅ ਦੀ ਥਾਂ ਪ੍ਰਬਲਤਾ ਅਤੇ ਤੀਬਰਤਾ ਨੂੰ ਇਕਾਂਗੀਆਂ ਦੀ ਗੋਂਦ ਵਿਚ ਜ਼ਿਆਦਾ ਥਾਂ ਦਿੱਤੀ ਗਈ ਹੈ। ਉਧਾਲੀ ਹੋਈ ਕੁੜੀ ਇਕਾਂਗੀ ਦੀਆਂ ਘਟਨਾਵਾਂ ਦਾ ਸੰਬੰਧ 1947 ਦੇ ਬਟਵਾਰੇ ਅਤੇ ਇਸਦੇ ਪ੍ਰਤਿਕਰਮ ਵਜੋਂ ਪੈਦਾ ਹੋਏ ਦੁਖਾਂਤ ਨਾਲ ਜੁੜਿਆ ਹੋਇਆ ਹੈ। ਇਸ ਦੁਖਾਂਤ ਨਾਲ ਜੁੜੀਆਂ ਹੋਈਆਂ ਕੁਝ ਘਟਨਾਵਾਂ ਇਸ ਪ੍ਰਕਾਰ ਹਨः ਕਰਤਾਰੋ ਦਾ ਜੀਤੇ ਨੂੰ ਪਤੀ ਦੀ ਰੋਟੀ ਦੇਣ ਲਈ ਖੂਹ ਤੇ ਭੇਜਣਾ, ਵਿਰਸੇ ਦਾ ਕਰਤਾਰੋ ਕੋਲ ਆ ਕੇ ਪੁਲਿਸ ਦੁਆਰਾ ਉਧਾਲੀਆਂ ਹੋਈਆਂ ਕੁੜੀਆਂ ਨੂੰ ਬਰਾਮਦ ਕਰਨ ਦੀ ਗੱਲ ਕਰਨਾ ਅਤੇ ਸਲਮਾ ਨਾਲ ਹੋਈ ਵਧੀਕੀ ਅਤੇ ਅਤਿਆਚਾਰ ਨੂੰ ਹੂ-ਬ-ਹੂ ਸੁਣਾਉਣਾ, ਸਿਪਾਹੀ ਦਾ ਖਾੜਕੂ ਨੂੰ ਢੂੰਡਣਾ, ਜੀਤੇ ਦਾ ਪੁਲਿਸ ਤੋਂ ਤ੍ਰਾਹ ਤ੍ਰਾਹ ਡਰਨਾ, ਸਿਪਾਹੀ ਜਾਣ ਪਿਛੋਂ ਸਲਮਾ ਦਾ ਆਉਣਾ ਅਤੇ ਕਰਤਾਰੋ ਦਾ ਉਸਨੂੰ ਗੋਹਿਆਂ ਵਿਚ ਛੁਪਾ ਦੇਣਾ ਅਤੇ ਥਾਣੇ ਦਾਰ ਦਾ ਕਰਤਾਰੋ ਨੂੰ ਉਧਾਲੀ ਔਰਤ ਸਮਝ ਕੇ ਉਸਦੇ ਬੱਚੇ ਸਮੇਤ ਟਰੱਕ ਵਿਚ ਸੁੱਟ ਕੇ ਲੈ ਜਾਣਾ ਅਤੇ ਅਸਲੀਅਤ ਨੂੰ ਸਮਝਣ ਦਾ ਯਤਨ ਨਾ ਕਰਨਾ ਆਦਿ। ਇਸ ਕਹਾਣੀ ਦੀ ਗੋਂਦ ਅਕਰਸ਼ਕ ਹੈ ਜਿਹੜੀ ਪਾਠਕਾਂ ਵਿਚ ਉਤਸੁਕਤਾ ਅਤੇ ਹੋਰ ਅੱਗੇ ਜਾਣਨ ਦੀ ਜਗਿਆਸਾ ਪੈਦਾ ਕਰਦੀ ਹੈ। ਇਸ ਇਕਾਂਗੀ ਦੀ ਗੋਂਦ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਨੂੰ ਆਦਿ ਤੋਂ ਲੈ ਕੇ ਅੰਤ ਤਕ ਬਰਕਰਾਰ ਰਖਿਆ ਗਿਆ ਹੈ।

### ਪਾਤਰ-ਉਸਾਰੀ

ਇਸ ਇਕਾਂਗੀ ਵਿਚ ਸੱਤ ਪਾਤਰ ਹਨ, ਜਿਨ੍ਹਾਂ ਦੀ ਪਾਤਰ ਉਸਾਰੀ ਕਰਨ ਵਿਚ ਇਕਾਂਗੀਕਾਰ ਨੇ ਅਨੇਕ ਵਿਧੀਆਂ ਦੀ ਵਰਤੋਂ ਕੀਤੀ ਹੈ। ਉਹ ਆਪਣੇ ਪਾਤਰਾਂ ਦੀ ਬੋਲ ਚਾਲ ਨੂੰ ਡੂੰਘੇ ਅਰਥ ਦਿੰਦੇ ਹਨ। ਡਾ. ਕੁਲਦੀਪ ਸਿੰਘ ਧੀਰ ਅਨੁਸਾਰ, 'ਨਾਟਕ ਲਿਖਦੇ ਸਮੇਂ ਕਪੂਰ ਸਿੰਘ ਘੁੰਮਣ ਆਪਣੇ ਪਾਤਰਾਂ ਨਾਲ, ਉਨ੍ਹਾਂ ਦੇ ਦੁੱਖਾਂ, ਸੁੱਖਾਂ ਨਾਲ ਇੰਜ ਇਕਮਿਕ ਹੁੰਦਾ ਹੈ ਕਿ ਉਸ ਨੂੰ ਆਪਣਾ ਆਪ ਵੀ ਭੁੱਲ ਜਾਂਦਾ ਹੈ। ਉਨ੍ਹਾਂ ਨਾਲ ਉਹ ਰੋਂਦੇ.......ਉਨ੍ਹਾਂ ਨਾਲ ਹੀ ਵਸਦੇ, ਖਾਂਦੇ ਬਹਿੰਦੇ, ਉਠਦੇ, ਸੌਂਦੇ ਹਰ ਸਮੇਂ ਇਹ ਪਾਤਰ ਉਸ ਦੀ ਚੇਤਨਾ ਤੇ ਦਸਤਕ ਦਿੰਦੇ ਰਹਿੰਦੇ ਹਨ। ਹਰ ਪਾਤਰ ਕਿਸੇ ਅਜਿਹੀ ਸ਼ਖਸੀਅਤ ਦਾ ਪਰਤੌ ਹੈ ਜਿਸ ਨੇ ਜੀਵਨ ਵਿਚ ਵਿਚਰਦੇ ਸਮੇਂ ਉਸਦੀ ਚੇਤਨਾ ਤੇ ਕੋਈ ਅਮਿੱਟ ਛਾਪ ਛੱਡੀ ਹੈ। ਜ਼ਿੰਦਗੀ ਵਿਚ ਮਿਲੇ ਪਾਤਰਾਂ ਦੇ ਨਕਸ਼ ਉਸ ਦੀ ਚੇਤਨਾ ਤੋਂ ਥੋੜ੍ਹੀ ਕੀਤਿਆਂ ਮਿਟਦੇ ਨਹੀਂ ਹਨ। ਉਦੋਂ ਤੱਕ ਤਾਂ ਬਿਲਕੁਲ ਨਹੀਂ, ਜਦ ਤੱਕ ਕਿ ਉਨ੍ਹਾਂ ਨੂੰ ਉਹ ਕਿਸੇ ਰਚਨਾ ਵਿਚ ਸੰਭਾਲ ਨਹੀਂ ਦਿੰਦਾ। ਲਿਖਣ ਲਗਿਆਂ ਉਹ ਆਪਣੇ ਪਾਤਰਾਂ ਦੇ ਵਾਰਤਾਲਾਪ ਦੇ ਹਰ ਵਾਕ ਨੂੰ ਆਪ ਬੋਲ ਬੋਲ ਵੇਖਦੈ। ਉਸਨੂੰ ਅੱਖਾਂ ਸਾਹਵੇ ਲਿਆ ਖਲ੍ਹਾਰਦੈ। ਉਸ ਦੇ ਬੋਲਾਂ ਨੂੰ ਬਾਰ ਬਾਰ ਛਿੱਲਦਾ, ਤਰਾਸ਼ਦਾ ਹੈ।

'ਉਧਾਲੀ ਹੋਈ ਕੁੜੀ', ਦੀ ਪਾਤਰ ਸਲਮਾ ਵੀ ਇਕ ਅਜਿਹੀ ਵਿਸ਼ੇਸ਼ ਪਾਤਰ ਹੈ ਜਿਸਨੂੰ ਇਕਾਂਗੀਕਾਰ ਨੇ ਬਹੁਤ ਹੀ ਨੀਝ ਨਾਲ ਚਿਤਰਿਆ ਅਤੇ ਉਸਾਰਿਆ ਹੈ। ਦੋ ਪਾਤਰਾਂ ਦੀ ਪਰਸਪਰ ਵਾਰਤਾਲਾਪ ਰਾਹੀਂ ਪਾਤਰ ਚਿਤਰਨ ਦਾ ਹੇਠ ਲਿਖਿਆ ਨਮੂਨਾ ਵੇਖਣ ਯੋਗ ਹੈ :

ਵਿਰਸਾ : ਮੈਂ ਧਰਮ ਨਾਲ ਉਧਾਲਿਆ ਨਹੀਂ ਕਿਸੇ ਨੂੰ ? ਵਾਹਿਗੁਰੂ ਜਾਣਦੈ।

ਇਕ ਕੁੜੀ ਦੀ ਜਾਨ ਜ਼ਰੂਰ ਬਚਾਈ ਏ ? ਜੇ ਮਰਦੇ ਨੂੰ ਬਚਾਣਾ ਪਾਪ ਏ, ਤਾਂ ਮੈ ਪਾਪੀ ਆਂ।

ਕਰਤਾਰੋ : ਤੇ ਫੇਰ ਤੂੰ ਡਰਨਾ ਕਿਉਂ ਏਂ ? ਸੱਚ ਨੂੰ ਕਾਹਦਾ ਡਰ ਏ ? ਕੋਈ ਲੁੱਟ ਤੇ ਨਹੀਂ ਪਈ ਹੋਈ, ਜਿਹੜਾ ਲੱਭਾ ਫੜ ਲਿਆ।

### ਦ੍ਰਿਸ਼-ਵਰਣਨ

ਕਪੂਰ ਸਿੰਘ ਇਕ ਬਹੁਤ ਹੀ ਹੰਢਿਆ ਹੋਇਆ ਇਕਾਂਗੀਕਾਰ ਸੀ ਜਿਸ ਨੇ ਆਪਣੀ ਕਲਮ ਦੀਆਂ ਕੁਝ ਛੋਹਾਂ ਨਾਲ ਹੀ ਬਹੁਤ ਸੰਜੀਦਾ ਵਾਤਾਵਰਨ ਦਰਸ਼ਕਾਂ ਸਾਹਮਣੇ ਸਿਰਜ ਦਿੱਤਾ ਹੈ। ਜਿਵੇਂ 1947 ਦਾ ਬਟਵਾਰਾ, ਖੂਨ ਖਰਾਬਾ, ਲੁੱਟ ਖਸੁਟ ਅਤੇ ਉਧਾਲੇ ਆਦਿ।

### ਵਾਰਤਾਲਾਪ

ਇਸ ਇਕਾਂਗੀ ਦੀ ਵਾਰਤਾਲਾਪ ਬਹੁਤ ਹੀ ਸੰਖੇਪ, ਚੁਸਤ ਤੇ ਨਾਟਕੀਅਤਾ ਨਾਲ ਭਰੀ ਹੋਈ ਹੈ। ਇਸ ਇਕਾਂਗੀ ਦੀ ਵਾਰਤਾਲਾਪ ਦਾ ਇਕ ਹੋਰ ਗੁਣ ਇਹ ਹੈ ਕਿ ਇਹ ਪਾਤਰਾਂ ਦਾ ਵੱਖੋ ਵੱਖਰਾ ਸੁਭਾਅ ਦਸਦੀ ਹੈ, ਕਹਾਣੀ ਨੂੰ ਹੋਰ ਅਗਾਂਹ ਤੋਰਦੀ ਹੈ ਅਤੇ ਦਰਸ਼ਕਾਂ ਦੇ ਮਨ ਵਿਚ ਉਹ ਅਰਥ ਉਜਾਗਰ ਕਰਦੀ ਹੈ ਜੋ ਇਕਾਂਗੀ ਵਿਚ ਛੁਪੇ ਹੋਏ ਹਨ।

**ਭਾਸ਼ਾ-ਸ਼ੈਲੀ**

ਇਸ ਇਕਾਂਗੀ ਦੀ ਭਾਸ਼ਾ ਪਾਤਰਾਂ ਦੀ ਉਮਰ, ਸੁਭਾਅ ਅਤੇ ਪੱਧਰ ਦੇ ਅਨੁਕੂਲ ਹੈ। ਇਹ ਦਰਸ਼ਕਾਂ ਨੂੰ ਪੂਰੀ ਤਰ੍ਹਾਂ ਕੀਲ ਕੇ ਰੱਖਦੀ ਹੈ। ਭਾਸ਼ਾ ਬਹੁਤ ਹੀ ਮੁਹਾਵਰੇਦਾਰ ਅਤੇ ਵਿਅੰਗਮਈ ਹੈ। ਇਸ ਇਕਾਂਗੀ ਦੀ ਭਾਸ਼ਾ ਪਾਤਰਾਂ ਦੀ ਮਾਨਸਿਕ ਸਥਿਤੀ ਨੂੰ ਉਘਾੜਨ ਵਿਚ ਪੂਰਨ ਤੌਰ ਤੇ ਸਮਰੱਥ ਹੈ।

**ਰੰਗ-ਮੰਚ**

ਕਪੂਰ ਸਿੰਘ ਘੁੰਮਣ ਨੇ ਇਹ ਗੱਲ ਚੰਗੀ ਤਰ੍ਹਾਂ ਅਨੁਭਵ ਕਰ ਲਈ ਸੀ ਕਿ ਜਿਹੜਾ ਇਕਾਂਗੀ ਰੰਗ-ਮੰਚ ਉਪਰ ਸਫਲਤਾ ਨਾਲ ਖੇਡਿਆ ਨਹੀਂ ਜਾ ਸਕਦਾ, ਉਸਦੇ ਲੇਖਕ ਦੀ ਹਾਲਤ ਉਸ ਮਾਂ ਨਾਲੋਂ ਵੱਖਰੀ ਨਹੀਂ ਜੋ ਮਰੇ ਹੋਏ ਬੱਚੇ ਨੂੰ ਜਨਮ ਦਿੰਦੀ ਹੈ। ਸਾਡਾ ਇਕ ਨਾਟਕਕਾਰ ਸੁਰਜੀਤ ਸਿੰਘ ਸੇਠੀ ਤਾਂ ਇਥੋਂ ਤੱਕ ਕਹਿੰਦਾ ਹੈ ਕਿ ਜਿਹੜਾ ਵਿਅਕਤੀ ਸਟੇਜ ਲਈ ਨਾਟਕ ਨਹੀਂ ਲਿਖਦਾ ਉਸਨੂੰ ਕਿਸੇ ਵੀ ਪਰਿਭਾਸ਼ਾ ਨਾਲ ਨਾਟਕਕਾਰ ਨਹੀਂ ਕਿਹਾ ਜਾ ਸਕਦਾ।

ਸ. ਕਪੂਰ ਸਿੰਘ ਘੁੰਮਣ ਨੇ ਆਪਣੇ ਨਾਟਕਾਂ ਅਤੇ ਇਕਾਂਗੀਆਂ ਦੀ ਪੇਸ਼ਕਾਰੀ ਲਈ ਵਿਸ਼ੇਸ਼ ਤੌਰ ਤੇ ਮੰਚ ਨਿਰਦੇਸ਼ ਦੇਣ ਦੀ ਪਿਰਤ ਪਾਈ ਹੈ। ਇਨ੍ਹਾਂ ਵਿਚ ਮੰਚ ਜੜ੍ਹਤ, ਪਾਤਰਾਂ ਦੇ ਸ਼ਿੰਗਾਰ ਤੇ ਪਹਿਰਾਵੇ, ਚਾਨਣ ਦੇ ਘੇਰਿਆਂ ਅਤੇ ਆਵਾਜ਼ਾਂ ਬਾਰੇ ਵੇਰਵੇ ਸਹਿਤ ਜਾਣਕਾਰੀ ਮਿਲਦੀ ਹੈ। ਇਹ ਜਾਣਕਾਰੀ ਰੰਗ ਕਰਮੀ ਨੂੰ ਮੰਚ ਉੱਤੇ ਨਾਟਕ ਖੇਡਣ ਲਈ ਮਦਦਗਾਰ ਸਾਬਤ ਹੁੰਦੀ ਹੈ। ਮੰਚ ਕਲਾ ਦੀਆਂ ਤਿੰਨ ਮੂਲ ਲੋੜਾਂ ਹਨ, ਨਾਟਕ, ਅਦਾਕਾਰ ਅਤੇ ਦਰਸ਼ਕ। ਇਨ੍ਹਾਂ ਵਿੱਚ ਇਕਸੁਰਤਾ ਅਤੇ ਨਾਟਕੀ ਅਨੁਭਵ ਦੀ ਰੂਹ ਫੂਕਣ ਵਾਲਾ ਜਾਦੂਗਰ ਹੈ ਪੇਸ਼ਕਾਰ, ਜਿਸਨੇ ਨਾਟਕ ਨੂੰ ਅਰਥ ਦੇਣਾ ਹੈ, ਅਦਾਕਾਰਾਂ ਨੂੰ ਜੀਵਨ ਅਤੇ ਦਰਸ਼ਕਾਂ ਨੂੰ ਸੁਹਜ-ਸੁਆਦ।

'ਉਧਾਲੀ ਹੋਈ ਕੁੜੀ' ਇਕ ਅਜਿਹਾ ਇਕਾਂਗੀ ਹੈ ਜਿਸਨੂੰ ਰੰਗ ਮੰਚ ਉਪਰ ਪੂਰਨ ਸਫਲਤਾ ਨਾਲ ਖੇਡਿਆ ਜਾ ਸਕਦਾ ਹੈ। ਇਸ ਲਈ ਬਹੁਤ ਜ਼ਿਆਦਾ ਰੰਗ ਮੰਚ ਸਾਮੱਗਰੀ ਦੀ ਵੀ ਲੋੜ ਨਹੀ ਪੈਂਦੀ। ਪਾਤਰਾਂ ਦਾ, ਕੱਦ ਕਾਠ, ਆਰਥਕ ਤੇ ਬੌਧਿਕ ਪੱਧਰ, ਮਾਨਸਿਕ ਝੁਕਾਅ ਦਾ ਸੰਕੇਤ ਵੀ ਮੰਚ-ਜੜਤ ਤੇ ਸ਼ਿੰਗਾਰ ਤੋਂ ਹੀ ਮਿਲ ਜਾਂਦਾ ਹੈ।

**ਸਿਰਲੇਖ**

ਇਕ ਇਕਾਂਗੀ ਦਾ ਸਿਰਲੇਖ 'ਉਧਾਲੀ ਹੋਈ ਕੁੜੀ' ਬਹੁਤ ਹੀ ਢੁੱਕਵਾਂ, ਫਬਵਾਂ ਤੇ ਜੱਚਵਾਂ ਹੈ ਕਿਉਕਿ ਇਕਾਂਗੀ ਦੀ ਸਾਰੀ ਦੀ ਸਾਰੀ ਕਹਾਣੀ ਇਸ ਸਿਰਲੇਖ ਦੇ ਇਰਦ ਗਿਰਦ ਹੀ ਘੁੰਮਦੀ ਹੈ। ਇਸ ਇਕਾਂਗੀ ਵਿਚ ਤਿੰਨ ਉਧਾਲੀਆਂ ਹੋਈਆਂ ਇਸਤ੍ਰੀਆਂ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ। ਜਿਹੜੀਆਂ 1947 ਦੇ ਘੱਲੂਘਾਰੇ ਦਾ ਸ਼ਿਕਾਰ ਹੋਈਆਂ ਹਨ। ਇਕਾਂਗੀਆਂ ਵਿੱਚ ਸ਼ੇਰੂ ਇਕ ਅਜਿਹਾ ਪਾਤਰ ਹੈ ਜਿਹੜਾ ਕਿ ਇਕ ਉਧਾਲੀ ਹੋਈ ਕੁੜੀ ਨੂੰ ਕੌਡਾਂ ਦੇ ਭਾਅ ਵੇਚ ਚੁੱਕਾ ਹੈ। ਸਲਮਾ ਵੀ ਇਕ ਉਧਾਲੀ ਹੋਈ ਕੁੜੀ ਹੈ, ਜਿਹੜੀ ਹੈਵਾਨਾਂ ਤੇ ਸ਼ੈਤਾਨਾਂ ਦੀ ਹਵਸ ਦਾ ਸ਼ਿਕਾਰ ਬਣਦੀ ਹੈ। ਇੰਜ ਅਸੀ ਦੇਖਦੇ ਹਾਂ, ਕਿ ਇਕਾਂਗੀ ਦਾ ਸਿਰਲੇਖ ਵਿਸ਼ੇ, ਪਲਾਟ ਤੇ ਮੁੱਖ ਪਾਤਰਾਂ ਨਾਲ ਮਿਲਦਾ ਜੁਲਦਾ ਹੋਣ ਕਰਕੇ ਬਹੁਤ ਹੀ ਢੁੱਕਵਾਂ ਹੈ।

ਇਸ ਤਰ੍ਹਾਂ ਸਮੁੱਚੇ ਤੌਰ ਤੇ ਅਸੀਂ ਆਖ ਸਕਦੇ ਹਾਂ ਕਿ ਕਪੂਰ ਸਿੰਘ ਘੁੰਮਣ ਦਾ ਇਕਾਂਗੀ 'ਉਧਾਲੀ ਹੋਈ ਕੁੜੀ' ਇਕ ਵਧੀਆ ਸਾਹਿਤਕ ਕਿਰਤ ਹੈ।

## ਅਪਮਾਨ

### ਡਾ. ਸੁਰਜੀਤ ਸਿੰਘ ਸੇਠੀ ਦੇ ਲਿਖੇ ਇਕਾਂਗੀ 'ਅਪਮਾਨ' ਦੀ ਸਾਹਿਤਕ ਪਰਖ

ਡਾ. ਸੁਰਜੀਤ ਸਿੰਘ ਸੇਠੀ ਪੰਜਾਬੀ ਦਾ ਪ੍ਰਸਿੱਧ ਨਾਟਕਾਰ ਹੈ। ਉਸਦੇ ਨਾਟਕਾਂ ਦੇ ਵਿਸ਼ੇ ਬਹੁ-ਭਾਂਤੀ ਹਨ। ਉਸਨੇ ਮੱਧ-ਸ਼ਰੇਣੀ ਨਾਲ ਸੰਬੰਧਿਤ ਵਿਸ਼ਿਆਂ ਨੂੰ ਆਪਣੇ ਨਾਟਕਾਂ ਵਿਚ ਉਜਾਗਰ ਕੀਤਾ ਹੈ। ਜਿਵੇਂ ਰਿਸ਼ਤਿਆਂ ਦੀ ਹੋ ਰਹੀ ਟੁੱਟ ਭੱਜ, ਇਕੱਲਤਾ ਦੇ ਖੋਲ ਵਿੱਚ ਸੁੰਗੜ ਰਿਹਾ ਮਨੁੱਖ, ਦੁਬਿਧਾ ਅਤੇ ਪਰਿਵਾਰ ਅੰਦਰਲੇ ਗੁੱਝੇ ਲੜਾਈ ਝਗੜੇ ਆਦਿ।

**ਵਿਸ਼ਾ-ਵਸਤੂ**

'ਅਪਮਾਨ' ਇਕਾਂਗੀ ਸੁਰਜੀਤ ਸਿੰਘ ਸੇਠੀ ਦੀ ਉੱਤਮ ਰਚਨਾ ਹੈ ਜਿਸ ਵਿੱਚ ਉਸ ਨੇ ਮੱਧ ਸ਼੍ਰੇਣੀ ਨਾਲ ਸੰਬੰਧਿਤ ਇਕ ਦੰਪਤੀ ਜੋੜੇ ਦੇ ਦੁਖਾਂਤ ਨੂੰ ਬਹੁਤ ਹੀ ਪ੍ਰਭਾਵੀ ਢੰਗ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਹੈ। ਇਹ ਇੱਕ ਡੂਘੀ ਮਨੋਵਿਗਿਆਨਕ ਸਮੱਸਿਆ ਹੈ ਜਿਸ ਨੂੰ ਇਕਾਂਗੀਕਾਰ ਨੇ ਚੰਗੀ ਤਰ੍ਹਾਂ ਸਮਝ ਕੇ ਅਤੇ ਉਸਨੂੰ ਪੂਰੀ ਤਰ੍ਹਾਂ ਵਿਸ਼ਲੇਸ਼ਣ ਸਹਿਤ ਪ੍ਰਸਤੁਤ ਕੀਤਾ ਹੈ। ਉਸ ਨੇ ਇਕ ਪਾਸੇ ਸੂਖਮ ਬੌਧਿਕ ਤੇ ਸਿਰਜਣਾਤਮਕ ਰੁਚੀਆਂ ਵਾਲੇ ਪਤੀ ਤੇ ਦੂਸਰੇ ਪਾਸੇ ਆਪਣੀ ਸੁੰਦਰਤਾ ਦਾ ਅਪਮਾਨ ਨਾ ਸਹਿਣ ਵਾਲੀ ਪਤਨੀ ਦੇ ਕਿਰਦਾਰ ਦੀ ਝਲਕ ਪੇਸ਼ ਕੀਤੀ ਹੈ। ਦੋਹਾਂ ਦੀ ਅੰਦਰਲੀ ਕਸ਼ਮਕਸ਼ ਅਤੇ ਮਾਨਸਿਕ ਦਵੰਦ ਵਿੱਚੋ ਘੋਰ ਦੁਖਾਂਤ ਵਾਪਰਦਾ ਹੈ ਜਿਸਨੂੰ ਪੇਸ਼ ਕਰਨਾ ਹੀ ਇਕਾਂਗੀ ਦਾ ਕੇਂਦਰੀ ਅਤੇ ਮੁੱਖ ਵਿਸ਼ਾ ਹੈ।

ਡਾ. ਰਘਬੀਰ ਸਿੰਘ ਲਿਖਦੇ ਹਨ ਕਿ ਸੁਰਜੀਤ ਸਿੰਘ ਸੇਠੀ ਦਾ ਇਕਾਂਗੀ 'ਅਪਮਾਨ' ਇਕ ਮਨੋਵਿਗਿਆਨਕ ਇਕਾਂਗੀ ਹੈ। ਇਹ ਮੱਧ-ਸ਼੍ਰੇਣੀ ਦੇ ਜੀਵਨ ਨਾਲ ਸੰਬੰਧਿਤ ਹੈ। ਇਕਾਂਗੀ ਦਾ ਨਾਇਕ ਬਿਪਨ ਇੱਕ ਲੇਖਕ ਹੈ ਅਤੇ ਉਸਦਾ ਇਕ ਖੂਬਸੂਰਤ ਕੁੜੀ ਸੁਸ਼ਮਾਂ ਨਾਲ ਵਿਆਹ ਹੋਇਆ ਹੈ। ਬਿਪਨ ਅਤੇ ਸੁਸ਼ਮਾ ਅਲੱਗ ਅਲੱਗ ਧਰਾਤਲਾਂ ਤੇ ਵਿਚਰਦੇ ਹਨ। ਬਿਪਨ ਸੁਸ਼ਮਾਂ ਤੋਂ ਬੋਧਿਕ ਵਿਅਕਤਿਤਵ ਦੀ ਮੰਗ ਕਰਦਾ ਹੈ। ਉਸ ਨੂੰ ਖੂਬਸੂਰਤੀ ਨਿਰਾ ਛਲਾਵਾ ਜਾਪਦੀ ਹੈ। ਉਸਨੇ ਸੁਸ਼ਮਾਂ ਨਾਲ ਵਿਆਹ ਇਸ ਲਈ ਕੀਤਾ ਸੀ ਕਿ ਉਹ ਇਕ ਬੋਧਿਕ ਸ਼ਖਸੀਅਤ ਵਾਲੀ ਕੁੜੀ ਹੋਵੇਗੀ ਜਦੋਂ ਕਿ ਉਹ ਨਿਰੀ ਖੂਬਸੂਰਤੀ ਤੇ ਅਹਿਸਾਸ ਨਾਲ ਜਿਊਣ ਵਾਲੀ ਕੁੜੀ ਹੈ। ਸੁਸ਼ਮਾਂ ਬਿਪਨ ਨੂੰ ਆਪਣੀ ਖੂਬਸੂਰਤੀ ਨੂੰ ਪਿਆਰ ਕਰੇ , ਜਦੋਂ ਕਿ ਬਿਪਨ ਦਾ ਇਨ੍ਹਾਂ ਗੱਲਾਂ ਵਿੱਚ ਧਿਆਨ ਨਹੀਂ। ਉਹ ਆਪਣੇ ਰਚਨਈ ਅਹਿਸਾਸ ਅਤੇ ਬੋਧਿਕਤਾ ਵਿਚ ਡੁੱਬਿਆ ਹੋਇਆ ਹੈ। ਸਿੱਟੇ ਵਜੋਂ ਸੁਸ਼ਮਾਂ ਇਕੱਲ ਹੰਢਾਉਂਦੀ ਹੈ, ਆਪਣੀ ਨੌਕਰਾਣੀ ਨਾਲ ਦੁੱਖ ਸੁੱਖ ਫੋਲਦੀ ਅਤੇ ਬਿਪਨ ਦੇ ਉਸ ਦੇ ਪ੍ਰਤੀ ਉਦਾਸੀਨ ਵਰਤਾਰੇ ਤੋਂ ਦੁੱਖੀ ਹੁੰਦੀ ਹੈ। ਇਕਾਂਗੀ ਦਾ ਸ਼ਿਖਰ ਉਦੋਂ ਆਉਂਦਾ ਹੈ ਜਦੋਂ ਸੁਸ਼ਮਾ ਬਿਪਨ ਨੂੰ ਅਹਿਸਾਸ ਕਰਾਉਣ ਲਈ ਆਪਣਾ ਚਿਹਰਾ ਸਟੋਵ ਨਾਲ ਸਾੜ ਲੈਂਦੀ ਹੈ ਤਾਂ ਕਿ ਇਹ ਸਾਬਤ ਕਰ ਸਕੇ ਕਿ ਜਿਸ ਖੂਬਸੂਰਤੀ ਦੀ ਕਦਰ ਹੀ ਨਹੀਂ ਉਸਨੂੰ ਰੱਖਣ ਦਾ ਕੀ ਫਾਇਦਾ। ਅੰਤ ਵਿੱਚ ਬਿਪਨ ਪਛਤਾਉਂਦਾ ਹੈ। ਇਹ ਇਕ ਦੁਖਾਂਤ ਹੈ। ਪਤੀ ਪਤਨੀ ਸੰਬੰਧਾਂ ਵਿੱਚ ਇੱਕ ਦੂਜੇ ਨੂੰ ਸਮਝਣ ਅਤੇ ਇਕ ਦੂਜੇ ਦੀਆਂ ਭਾਵਨਾਵਾਂ ਦਾ ਅਹਿਸਾਸ ਕਰਨ ਦਾ ਵਿਸ਼ੇਸ਼ ਮਹੱਤਵ ਹੈ। ਇਕਾਂਗੀ ਬਿਨਾਂ ਕਿਸੇ ਭਾਸ਼ਨ ਤੋਂ ਇਹ ਸਹਿਜ ਸੰਦੇਸ਼ ਦਿੰਦਾ ਹੈ ਕਿ ਪਤੀ-ਪਤਨੀ ਦੇ ਰਿਸ਼ਤੇ ਵਿੱਚ ਸਾਵਾਂਪਨ ਬਹੁਤ ਜ਼ਰੂਰੀ ਹੈ।

**ਪਾਤਰ-ਉਸਾਰੀ**

ਡਾ. ਸੁਰਜੀਤ ਸਿੰਘ ਸੇਠੀ ਆਪਣੀ ਇਕਾਂਗੀ ਵਿੱਚ ਸਾਧਾਰਣ ਪਾਤਰ ਨਹੀਂ ਚੁਣਦਾ। ਉਸ ਨੇ ਇਸ ਇਕਾਂਗੀ ਵਿੱਚ ਗੰਭੀਰ ਅਤੇ ਗੁੰਝਲਦਾਰ ਪਾਤਰਾਂ ਨੂੰ ਚੁਣਿਆ ਹੈ ਤੇ ਉਨ੍ਹਾਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ ਨੂੰ ਮੰਚ ਤੇ ਲਿਆਉਣ ਲਈ ਪਾਤਰ ਉਸਾਰੀ ਲਈ ਨਵੀਆਂ ਜੁਗਤਾਂ ਵੀ ਪ੍ਰਯੁਕਤ ਕੀਤੀਆਂ ਹਨ। ਤੇਜ਼ੀ ਨਾਲ ਬਦਲੀਆਂ ਹੋਈਆਂ ਪ੍ਰਸਥਿਤੀਆਂ ਨੇ ਵੀ ਪਾਤਰ ਚੋਣ ਵਿਚ ਜ਼ਮੀਨ ਅਸਮਾਨ ਦਾ ਫਰਕ ਲਿਆਂਦਾ ਹੈ। ਹੁਣ ਤੱਕ ਸਾਡੇ ਇਕਾਂਗੀਆਂ ਦਾ ਮੂਲ ਝੁਕਾਅ ਸ਼ਹਿਰੀ ਅਤੇ ਮੱਧ-ਸ਼ਰੇਣੀ ਦੀਆਂ ਸਮੱਸਿਆਵਾਂ ਵੱਲ ਰਿਹਾ ਹੈ। ਇਸ ਲਈ ਕੁਦਰਤੀ ਹੈ ਕਿ ਪਾਤਰ ਵੀ ਸ਼ਹਿਰੀ ਨਾਲ ਸੰਬੰਧਿਤ ਹੋਣ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਹੁਣ ਪਾਤਰ ਚੋਣ ਵਿੱਚ ਔਰਤ ਪਾਤਰਾਂ ਨੂੰ ਵੀ ਸਹੀ ਥਾਂ ਮਿਲ ਸਕਿਆ ਹੈ।

'ਅਪਮਾਨ' ਇਕਾਂਗੀ ਦੇ ਪਾਤਰ ਸੁਸ਼ਮਾ, ਬਿਪਨ ਤੇ ਡਾਕਟਰ ਆਦਿ ਸ਼ਹਿਰੀ ਜੀਵਨ ਵਿਚੋਂ ਚੁਣੇ ਗਏ ਪਾਤਰ ਹਨ ਜਿਹੜੇ ਮਾਨਸਿਕ ਸੰਘਰਸ਼ ਵਿੱਚ ਉਲਝੇ ਹੋਏ ਹਨ। ਉਨ੍ਹਾਂ ਦੇ ਮਨ ਵਿਚ ਦਵੰਦ ਹੈ ਤੇ ਉਹ ਮਾਨਸਿਕ ਸੰਘਰਸ਼ ਦਾ ਸ਼ਿਕਾਰ ਹਨ। ਇਹ ਪਾਤਰ ਆਪਣੇ ਕਥਨਾਂ ਅਤੇ ਕਾਰਜਾਂ ਦੁਆਰਾ ਦਰਸ਼ਕਾਂ ਨਾਲ ਪਰਿਚਿਤ ਹੁੰਦੇ ਹਨ।

ਇਕਾਂਗੀਕਾਰੀ ਨੇ ਪਾਤਰਾਂ ਦੀ ਉਸਾਰੀ ਕਰਨ ਲਈ ਵੱਖ-ਵੱਖ ਵਿਧੀਆਂ ਦੀ ਵਰਤੋਂ ਕੀਤੀ ਹੈ। ਪਾਤਰਾਂ ਦੀ ਆਪਸੀ ਵਾਰਤਾਲਾਪ ਦੁਆਰਾ ਹੋਈ ਪਾਤਰ ਉਸਾਰੀ ਦਾ ਇਕ ਨਮੂਨਾ ਅਸੀਂ ਅਗਲੇ ਪੰਨੇ ਤੇ ਪੇਸ਼ ਕਰ ਰਹੇ ਹਾਂ :

ਸੁਸ਼ਮਾ : ਇਹ ਤਾਂ ਤੇਰੀ ਬਦਕਿਸਮਤੀ ਦਾ ਕਾਰਣ ਏ। ਸਕੂਲ ਵਿੱਚ ਤੇ ਫੇਰ ਕਾਲਜ ਵਿੱਚ ਮੇਰੀਆਂ ਜਮਾਤਣਾਂ, ਮੇਰੇ ਜਮਾਤੀ ਮੇਰੀ ਸੁੰਦਰਤਾ ਦੀਆਂ ਸਿਫਤਾਂ ਕਰਦੇ ਰਹੇ। ਕਾਲਜ ਵਿਚ ਹੋਣ ਵਾਲੇ ਸਮਾਗਮਾਂ, ਨਾਟਕਾਂ, ਖੇਡ ਦੀ ਮੈਂ ਜਾਨ ਸਮਝੀ ਜਾਂਦੀ ਸਾਂ, ਸਿਰਫ ਇਸ ਲਈ ਕਿ ਮੈਂ ਸੁੰਦਰ ਸੀ। ਮੇਰੀ ਸੁੰਦਰਤਾ ਦੇ ਹਰ ਪਾਸੇ ਚਰਚੇ ਸਨ-ਮੇਰੀਆਂ ਗਲੀਆਂ ਵਿਚ, ਮੇਰੇ ਵਾਕਫ਼ਾਂ ਵਿੱਚ, ਸਾਰੇ ਰਿਸ਼ਤੇਦਾਰਾਂ ਵਿੱਚ। (ਰੋਂਦੀ ਹੋਈ) ਤੇ ਬੀਜੀ, ਜਦ ਬਿਪਨ ਨੇ ਮੈਨੂੰ ਜੀਵਨ-ਸਾਥੀ ਚੁਣਿਆ, ਤਾਂ ਮੈਂ ਇਹ ਸਮਝਦੀ ਸਾਂ ਕਿ ਉਹ ਮੇਰੀ ਸੁੰਦਰਤਾ ਤੇ ਰੀਝਿਆ ਹੈ। ਜ਼ਿੰਦਗੀ ਭਰ ਮੇਰੀ ਸੁੰਦਰਤਾ ਦੀਆਂ ਸਿਰਫ਼ਤਾਂ ਕਰਦਾ ਰਹੇਗਾ।

ਬੀਜੀ : ਤੇ ਹੁਣ ਕੀ ਹੋਇਆ ਸੁਸ਼ਮਾਂ ?

ਸੁਸ਼ਮਾਂ : ਕੁਝ ਵੀ ਨਹੀਂ ਹੋਇਆ ਬੀ. ਜੀ.। ਸਿਰਫ ਮੇਰੇ ਸੁਪਨੇ ਬਿਖਰ ਗਏ ਹਨ। ਮੈਂ ਰੇਤ ਦੀਆਂ ਕੰਧਾਂ ਉਤੇ ਜਿਹੜੇ ਮਹਿਲ ਉਸਾਰੇ ਹਨ, ਉਹ ਤੇਜ ਹਵਾ ਦੇ ਇਕੋ ਇਕ ਬੁੱਲੇ ਨੇ ਢਾਹ ਦਿੱਤੇ ਨੇ।

ਬੀਜੀ : ਬੁਝਾਰਤਾਂ ਕਿਉਂ ਪਾਂਦੀ ਏ ਸੁਸ਼ਮਾ

ਸੁਸ਼ਮਾਂ : ਮੇਰੀ ਜ਼ਿੰਦਗੀ ਹੀ ਬੁਝਾਰਤ ਬਣ ਗਈ ਏ ਬੀਜੀ। ਸ਼ਾਇਦ ਤੁਸੀਂ ਵੀ ਇਸਨੂੰ ਨਾ ਸਮਝ ਸਕੋ। ਬੜੀ ਅਨੋਖੀ ਬੀਮਾਰੀ ਏ ਮੈਨੂੰ। ਇਸ ਦਾ ਇਲਾਜ ਬਿਪਨ ਕੋਲ ਸੀ ਪਰ ਉਹ ਮੈਨੂੰ ਤੜਫਦੀ ਵੇਖ ਕੇ ਖੁਸ਼ ਹੈ। ਉਹ ਚਾਹੁੰਦਾ

ਹੈ ਕਿ ਮੈਂ ਇਸ ਤਰ੍ਹਾਂ ਲੁੱਛਦੀ ਮਰ ਜਾਵਾਂ। ਹੋਰ ਕੋਈ ਇਸ ਬਿਮਾਰੀ ਨੂੰ ਨਹੀਂ ਸਮਝਦਾ ਬੀਜੀ, ਕੋਈ ਨਹੀਂ ਸਮਝਦਾ।

**ਵਾਤਾਵਰਨ**

ਇਸ ਇਕਾਂਗੀ ਵਿੱਚ ਇੱਕ ਮੱਧ ਵਰਗੀ ਪਰਿਵਾਰ ਦਾ ਘਰੇਲੂ ਵਾਤਾਵਰਨ ਬੜੀ ਸੁਚੱਜਤਾ ਨਾਲ ਉਭਾਰਿਆ ਗਿਆ ਹੈ ਜਿਸ ਵਿਚ ਪਤੀ ਅਤੇ ਪਤਨੀ ਦੀਆਂ ਇਕ ਦੂਜੇ ਪ੍ਰਤੀ ਸ਼ਿਕਾਇਤਾਂ ਅੰਕਤ ਹਨ। ਉਹ ਦੋਵੇਂ ਇਸ ਘਰ ਵਿੱਚ ਆਪਣੇ ਅੰਦਰਲਾ ਉਬਾਲ ਕਢਦੇ ਹਨ। ਇਹ ਵਾਤਾਵਰਨ ਬਹੁਤ ਹੀ ਸਨਸਨੀ ਭਰਪੂਰ ਅਤੇ ਯਥਾਰਥਕ ਲਗਦਾ ਹੈ।

**ਵਾਰਤਾਲਾਪ**

'ਅਪਮਾਨ' ਇਕਾਂਗੀ ਦਾ ਵਾਰਤਾਲਾਪ ਬਹੁਤ ਹੀ ਕੁਦਰਤੀ, ਚੁਸਤ ਅਤੇ ਪਾਤਰਾਂ ਦੀ ਮਾਨਸਿਕ ਅਵਸਥਾ ਅਨੁਸਾਰ ਹੈ। ਇਹ ਚਗਲੀ ਹੋਈ ਤੇ ਦੁਹਰਾਈ ਹੋਈ ਵਾਰਤਾਲਾਪ ਨਹੀਂ। ਸੁਰਜੀਤ ਸਿੰਘ ਸੇਠੀ ਸਾਧਾਰਨ ਬੋਲ ਚਾਲ ਦੀ ਚੁਸਤ ਵਾਰਤਾਲਾਪ ਸਿਰਜਦਾ ਹੋਇਆ ਸਮਝਦਾ ਹੈ ਕਿ ਵਾਰਤਾਲਾਪ ਨਾਲ ਕਈ ਵਾਰ ਦਰਸ਼ਕਾਂ ਦੇ ਮਾਨਸਿਕ ਮਰਜਾਂ ਦਾ ਇਲਾਜ ਵੀ ਹੋ ਸਕਦਾ ਹੈ। ਇਕਾਂਗੀਕਾਰ ਨੇ ਵਾਰਤਾਲਾਪ ਨੂੰ ਬੋਲਚਾਲ ਦੇ ਬਹੁਤ ਨੇੜੇ ਰਖਦੇ ਹੋਏ ਵੀ ਨਾਟਕੀਅਤ ਸਿਰਜਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਉਦਾਹਰਣ ਵਜੋਂ ਨੀਨਾ ਸੁਸ਼ਮਾਂ ਦੀ ਹੇਠ ਦਿੱਤੀ ਵਾਰਤਾਲਾਪ ਵੇਖੀ ਜਾ ਸਕਦੀ ਹੈ।

ਨੀਨਾ : ਉਨ੍ਹਾਂ ਨੂੰ ਆਪਣੀਆਂ ਕਿਤਾਬਾਂ ਤੋਂ ਵਿਹਲ ਮਿਲੇ, ਤਾਂ ਤਾਰੀਫ ਕਰਨ ਨਾ ਤੁਹਾਡੀ ਸੁੰਦਰਤਾ ਦੀ।

ਸੁਸ਼ਮਾ : ਫਿਰ ਉਹ ਕਿਤਾਬਾਂ ਨਾਲ ਹੀ ਵਿਆਹ ਕਰ ਲੈਂਦੇ, ਮੇਰੇ ਨਾਲ ਵਿਆਹ ਕਰਨ ਦੀ ਕੀ ਲੋੜ ਸੀ। ਮੇਰੀ ਜ਼ਿੰਦਗੀ ਕਿਉਂ ਖਰਾਬ ਕੀਤੀ ਉਨ੍ਹਾਂ ਨੇ, ਆਖਰ ਮੈਂ ਉਨ੍ਹਾਂ ਦੀ ਪਤਨੀ ਹਾਂ, ਮੇਰੇ ਦਿਲ ਵਿੱਚ ਵੀ ਖਾਹਸ਼ਾਂ ਨੇ ਅਰਮਾਨ ਨੇ।

ਨੀਨਾ : ਇਹ ਝਗੜਾ ਤਾਂ ਜ਼ਰੂਰ ਇਕ ਦਿਨ ਹੋਣਾ ਹੀ ਸੀ ਨੀਨਾ, ਤਿੰਨ ਸਾਲ ਮੈਂ ਦਿਲ ਤੇ ਪੱਥਰ ਰਖਕੇ ਸਬਰ ਕੀਤਾ ਹੈ। ਸੋਚਿਆ ਹੁਣ ਬੱਦਲ ਆਉਣਗੇ, ਹੁਣੇ ਵਰਖਾ ਹੋਵੇਗੀ। ਪਰ ਇਹ ਤਾਂ ਜ਼ਿੰਦਗੀ ਭਰ ਦੀ ਔੜ ਹੈ। ਇਥੇ ਤਾਂ ਇਸੇ ਤਰ੍ਹਾਂ ਸੜ੍ਹਨਾ ਪਵੇਗਾ, ਭੁਜਣਾ ਪਵੇਗਾ।

**ਰੰਗ-ਮੰਚ**

ਡਾ. ਸੁਰਜੀਤ ਸਿੰਘ ਸੇਠੀ ਰੰਗ ਮੰਚ ਦਾ ਧਨੀ ਹੈ, ਇਕਾਂਗੀ ਲਿਖਦੇ ਸਮੇਂ ਉਨ੍ਹਾਂ ਨੇ ਸਾਹਮਣੇ ਰੰਗ-ਸ਼ਾਲਾਂ ਵਿੱਚ ਬੈਠੇ ਦਰਸ਼ਕ ਹੁੰਦੇ ਹਨ। ਸੁਰਜੀਤ ਸਿੰਘ ਸੇਠੀ ਤਾਂ ਇਥੋਂ ਤੱਕ ਆਖਦਾ ਹੈ ਕਿ ਜਿਹੜਾ ਵਿਅਕਤੀ ਸਟੇਜ ਲਈ ਨਾਟਕ ਨਹੀਂ ਲਿਖਦਾ, ਉਸਨੂੰ ਕਿਸੇ ਵੀ ਪਰਿਭਾਸ਼ਾ ਨਾਲ ਨਾਟਕਕਾਰ ਨਹੀਂ ਕਿਹਾ ਜਾ ਸਕਦਾ।

'ਅਪਮਾਨ' ਇਕਾਂਗੀ ਅਨੇਕ ਵਾਰ ਮੰਚ ਉਪਰ ਸਫਲਤਾ ਨਾਲ ਖੇਡਿਆ ਜਾ ਚੁੱਕਿਆ ਹੈ। ਇਹ ਇਕਾਂਗੀ ਉਨ੍ਹਾਂ ਗੁਣਾਂ ਨਾਲ ਨੱਕੋ ਨੱਕ ਭਰਪੂਰ ਹੈ ਜਿਹੜੇ ਰੰਗ ਮੰਚ ਦੀ ਦ੍ਰਿਸ਼ਟੀ ਤੋਂ ਇਸਨੂੰ ਇਕ ਸਫਲ ਰਚਨਾ ਸਿੱਧ ਕਰਦੇ ਹਨ।

**ਸਿਰਲੇਖ**

ਇਸ ਇਕਾਂਗੀ ਦਾ ਸਿਰਲੇਖ 'ਅਪਮਾਨ' ਬਹੁਤ ਹੀ ਢੁੱਕਵਾਂ ਹੈ ਕਿਉਂਕਿ ਸੁਸ਼ਮਾ ਇਕ ਅਜਿਹੀ ਸੁੰਦਰੀ ਹੈ ਜਿਹੜੀ ਆਪਣੀ ਸੁੰਦਰਤਾ ਦਾ ਅਪਮਾਨ ਕਿਸੇ ਵੀ ਕੀਮਤ ਤੇ ਨਹੀਂ ਸਹਿ ਸਕਦੀ। ਜਿਵੇਂ ਉਹ ਇਸ ਇਕਾਂਗੀ ਵਿਚ ਥਾਂ-ਪੁਰ ਥਾਂ ਆਖਦੀ ਹੈ :

ਨੀਨਾ : ਕੀ ਹੋਇਆ ਤੁਹਾਡੀ ਜ਼ਿੰਦਗੀ ਨੂੰ ?

ਸੁਸ਼ਮਾਂ : ਕੁਝ ਨਹੀਂ, ਤੂੰ ਦੱਸ, ਮੈਂ ਸੋਹਣੀ ਨਹੀਂ।

ਨੀਨਾ : ਭਾਬੀ ਮੈਂ ਤਾਂ ਹਮੇਸ਼ਾਂ ਰਸ਼ਕ ਕਰਦੀ ਹਾਂ ਤੁਹਾਡੇ ਤੇ। ਹਾਏ ਕਿਧਰੇ ਜੇ ਮੈਂ ਵੀ ਤੁਹਾਡੇ ਜਹੀ ਸੋਹਣੀ ਹੁੰਦੀ।

ਸੁਸ਼ਮਾਂ : ਤੇਰੇ ਵੀਰ ਜੀ ਨੇ ਤਾਂ ਕਦੀ ਵੀ ਮੇਰੀ ਸੁੰਦਰਤਾ ਦੀ ਤਾਰੀਫ ਨਹੀਂ ਕੀਤੀ।

ਇੰਜ ਅਸੀ ਵੇਖਦੇ ਹਾਂ ਕਿ ਇਸ ਇਕਾਂਗੀ ਦਾ ਸਿਰਲੇਖ ਸੱਚਮੁੱਚ ਢੁੱਕਵਾਂ ਅਤੇ ਜਚਵਾਂ ਹੈ ਕਿਉਂਕਿ ਸਾਰਾ ਇਕਾਂਗੀ ਸੁੰਦਰਤਾ ਤੇ ਅਪਮਾਨ ਦੇ ਇਰਦ ਹੀ ਘੁੰਮਦਾ ਹੈ। ਇਸ ਕਰਕੇ ਸਾਹਿਤਕ ਪੱਖੋਂ ਵੀ ਇਹ ਇਕਾਂਗੀ ਇਕ ਉੱਤਮ, ਸ੍ਰੇਸ਼ਟ ਅਤੇ ਅਨੁਪਮ ਰਚਨਾ ਹੈ।

# ''ਐਜੀਟੇਸ਼ਨ'' ਹਰਸਰਨ ਸਿੰਘ

## 'ਹਰਸਰਨ ਸਿੰਘ ਦੇ ਇਕਾਂਗੀ 'ਐਜੀਟੇਸ਼ਨ' ਦੀ ਸਾਹਿਤਕ ਪਰਖ

ਹਰਸਰਨ ਸਿੰਘ ਪੰਜਾਬੀ ਦਾ ਪ੍ਰਸਿੱਧ ਨਾਟਕਕਾਰ ਹੈ ਜਿਸਨੇ ਆਪਣੇ ਨਾਟਕਾਂ ਵਿਚ ਸਮਕਾਲੀ ਸਮਾਜ ਵਿਚ ਹੋ ਰਹੇ ਉਪੱਦਰ, ਅਨਿਆਂ, ਲੁੱਟ-ਖਸੁੱਟ, ਘਟੀਆ ਰਾਜਨੀਤੀ ਅਤੇ ਪਰਿਵਾਰਕ ਜੀਵਨ ਵਿਚ ਪੈ ਰਹੀਆਂ ਤਰੇੜਾਂ ਨੂੰ ਕੇਂਦਰੀ ਵਿਸ਼ਾ ਬਣਾਇਆ ਹੈ। ਡਾ. ਰਘਬੀਰ ਸਿੰਘ ਅਨੁਸਾਰ ਉਹ ਸ਼ਹਿਰੀ ਮੱਧਵਰਗੀ ਜੀਵਨ ਦਾ ਚਿਤੇਰਾ ਹੈ। ਉਸਦੇ ਬਹੁਤੇ ਪੂਰੇ ਨਾਟਕ ਤੇ ਇਕਾਂਗੀ ਸਾਧਾਰਨ ਲੋਕਾਂ ਦੇ ਆਲੇ ਦੁਆਲੇ ਘੁੰਮਦੇ ਜੀਵਨ ਦੀਆਂ ਅਨੇਕ ਪਰਤਾਂ ਨੂੰ ਉਘਾੜਦੇ ਹਨ। ਹਰਸਰਨ ਸਿੰਘ ਨੇ ਕੁਝ ਅਜਿਹੇ ਨਾਟਕਾਂ ਦੀ ਸਿਰਜਣਾ ਕੀਤੀ ਹੈ ਜੋ ਕਿਸੇ ਵਿਸ਼ੇਸ਼ ਵਿਅਕਤੀ ਜਾਂ ਵਿਸ਼ੇਸ਼ ਘਟਨਾ ਉਪਰ ਅਧਾਰਤ ਨਹੀਂ ਹਨ। ਉਹ ਕੇਵਲ ਸਮਾਜਿਕ ਜੀਵਨ ਦੀਆਂ ਪ੍ਰਸਥਿਤੀਆਂ ਨੂੰ ਵਾਚਦਾ ਹੈ ਅਤੇ ਉਨ੍ਹਾਂ ਪਰਿਸਥਿਤੀਆਂ ਵਿਚੋਂ ਮਨੁੱਖੀ ਜੀਵਨ ਨਾਲ ਜੁੜੇ ਹੋਏ ਵਿਅੰਗ ਨੂੰ ਉਜਾਗਰ ਕਰਦਾ ਹੈ। ਉਸਦੇ ਨਾਟਕਾਂ ਵਿੱਚਲੇ ਕਈ ਪਾਤਰ ਅਣਸੁਖਾਵੇਂ ਮਾਹੌਲ ਕਾਰਨ ਪਰਿਵਾਰਕ ਜੀਵਨ ਵਿੱਚ ਆਈ ਤਰੇੜ ਦੇ ਅਹਿਸਾਸ ਨੂੰ ਹੰਢਾਉਂਦੇ ਹਨ। ਹਰਸਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਉਨ੍ਹਾਂ ਲੋਕਾਂ ਦੇ ਕਿਰਦਾਰ ਨੂੰ ਵੀ ਨੰਗਾ ਕੀਤਾ ਹੈ ਜੋ ਕੁਟਿਲ ਰਾਜਨੀਤੀ ਅਧੀਨ ਕੇਵਲ ਸਵੈ-ਹਿੱਤਾਂ ਦੀ ਰਾਖੀ ਕਰਦੇ ਹਨ ਅਤੇ ਮਨੁੱਖੀ ਜੀਵਨ ਦੀਆਂ ਕਦਰਾਂ ਕੀਮਤਾਂ ਦੀ ਪਰਵਾਹ ਨਹੀਂ ਕਰਦੇ।

**ਵਿਸ਼ਾ-ਵਸਤੂ**

'ਐਜੀਟੇਸ਼ਨ' ਇਕਾਂਗੀ ਦਾ ਕੇਂਦਰੀ ਵਿਸ਼ਾ ਔਰਤਾਂ ਵਿਚ ਦਿਨ-ਬ-ਦਿਨ ਆ ਰਹੀ ਜਾਗਰੂਕਤਾ ਹੈ। ਉਹ ਹੁਣ ਮਰਦ ਦੇ ਪੈਰਾਂ ਦੀ ਜੁੱਤੀ ਨਹੀਂ ਰਹੀਆਂ ਸਗੋਂ ਔਰਤਾਂ ਉਪਰ ਹੋ ਰਹੇ ਅਤਿਆਚਾਰਾਂ ਵਿਰੁੱਧ ਆਪਣੀ ਆਵਾਜ਼ ਉੱਚੀ ਕਰਦੀਆਂ ਹਨ। ਉਹ ਐਜੀਟੇਸ਼ਨ ਕਰਕੇ ਹੱਕ ਸੱਚ ਅਤੇ ਇਨਸਾਫ ਲਈ ਇਕਮੁੱਠ ਹੋ ਕੇ ਜੂਝਦੀਆਂ ਹਨ ਪਰ ਜਦੋਂ ਉਨ੍ਹਾਂ ਨੂੰ ਸਹੀ ਅਤੇ ਯੋਗ ਅਗਵਾਈ ਨਹੀਂ ਮਿਲਦੀ ਤਾਂ ਉਹ ਆਪਣੇ ਮਾਰਗ ਤੋਂ ਭਟਕ ਵੀ ਜਾਂਦੀਆਂ ਹਨ। ਇਸ ਇਕਾਂਗੀ ਦੇ ਵਿਸ਼ੇ ਬਾਰੇ ਡਾ. ਰਘਬੀਰ ਸਿੰਘ ਦਾ ਕਥਨ ਵੇਖਣ ਯੋਗ ਹੈ : 'ਹਰਸਰਨ ਸਿੰਘ' ਦਾ ਇਹ ਇਕਾਂਗੀ ਔਰਤਾਂ ਦੀ ਜਾਗ੍ਰਿਤੀ ਵਿਸ਼ੇ ਨਾਲ ਜੁੜਿਆ ਹੋਇਆ ਹੈ। ਪਰ ਨਾਲ ਹੀ ਇਹ ਵੀ ਸਾਬਤ ਕਰਨਾ ਚਾਹੁੰਦਾ ਹੈ ਕਿ ਬਿਨ੍ਹਾਂ ਕਿਸੇ ਅਨੁਸ਼ਾਸਨ ਜਾਂ ਰਾਜਸੀ ਚੇਤਨਾ ਤੋਂ ਇਸ ਜਾਗ੍ਰਿਤੀ ਨੂੰ ਕੋਈ ਦਿਸ਼ਾ ਨਹੀਂ ਮਿਲ ਸਕਦੀ। ਇਕਾਂਗੀ ਦੀ ਪਾਤਰ ਪਤਨੀ ਔਰਤਾਂ ਦੀ ਜੋਸ਼ ਖਰੋਸ਼ ਵਾਲੀ ਜਾਗ੍ਰਿਤੀ ਦੇ ਹੱਕ ਵਿੱਚ ਹੈ। ਜਦਕਿ ਸਿਆਸੀ ਪਾਰਟੀ ਨਾਲ ਜੁੜਿਆ ਪਾਤਰ ਦਿਉਰ ਚੇਤਨਾ ਸੰਪੰਨ ਜਾਗ੍ਰਿਤੀ ਦੇ ਹੱਕ ਵਿਚ ਹੈ। ਇਕਾਂਗੀ ਦੀ ਕਹਾਣੀ ਇਹ ਹੈ ਕਿ ਇਕ ਘਰ ਵਿਚ ਪਤੀ, ਪਤਨੀ ਤੇ ਦਿਉਰ ਇਕੱਠੇ ਰਹਿੰਦੇ ਹਨ। ਉਹਨਾਂ ਦੇ ਘਰ ਦੀ ਖਿੜਕੀ ਵਿਚੋਂ ਬਾਹਰ ਹੋ ਰਿਹਾ ਔਰਤਾਂ ਦਾ ਐਜੀਟੇਸ਼ਨ ਨਜ਼ਰ ਆ ਰਿਹਾ ਹੈ। ਜੋ ਇਸ ਲਈ ਹੈ ਕਿ ਇਕ ਪਤੀ ਨੇ ਆਪਣੀ ਪਤਨੀ ਨੂੰ ਮਾਰ ਦਿੱਤਾ ਹੈ ਅਤੇ ਔਰਤਾਂ ਉਸ ਦੇ ਘਰ ਸਿਆਪਾ ਕਰ ਰਹੀਆਂ ਹਨ, ਛਾਤੀਆਂ ਪਿੱਟ ਰਹੀਆਂ ਹਨ ਅਤੇ ਰੋਹ ਦਾ ਵਿਖਾਵਾ ਕਰ ਰਹੀਆਂ ਹਨ ਉਸ ਦੇ ਘਰ ਵਿਚ ਸੜ ਕੇ ਮਰਨ ਵਾਲੀ ਔਰਤ ਦੇ ਸੱਸ-ਸਹੁਰਾ ਦੁਬਕੇ ਬੈਠੇ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਵੀ ਕਥਿਤ ਤੌਰ ਤੇ ਕਤਲ ਵਿਚ ਸ਼ਾਮਲ ਹਨ। ਦਰਸ਼ਕ ਪਤੀ, ਪਤਨੀ ਅਤੇ ਦਿਉਰ ਵਿਚੋਂ ਪਤਨੀ ਇਸ ਐਜੀਟੇਸ਼ਨ ਨੂੰ ਔਰਤਾਂ ਦੀ ਆਜ਼ਾਦੀ ਦਾ ਪਰਚਮ ਦੱਸਦੀ ਹੈ ਜਦ ਕਿ ਪਤੀ ਅਤੇ ਦਿਉਰ ਇਸਨੂੰ ਦਿਸ਼ਾਹੀਣ ਜੋਸ਼ ਸਮਝਦੇ ਹਨ। ਇਸੇ ਦਰਮਿਆਨ ਔਰਤਾਂ ਜਿਸ ਘਰ ਅੱਗੇ ਸਿਆਪਾ ਕਰ ਰਹੀਆਂ ਹਨ, ਉਸ ਘਰ ਦੀਆਂ ਖਿੜਕੀਆਂ ਤੋੜ ਕੇ ਸਿਰਹਾਣੇ, ਗੱਦੇ ਆਦਿ ਕੱਢ ਕੇ ਉਸ ਨੂੰ ਅੱਗ ਲਾ ਦਿੰਦੀਆਂ ਹਨ। ਪਤੀ ਤੇ ਦਿਉਰ ਇਸ ਕਾਰਜ ਦੀ ਨਿੰਦਾ ਕਰ ਰਹੇ ਹਨ ਜਦੋਂ ਕਿ ਪਤਨੀ ਹਾਲੇ ਵੀ ਇਸ ਐਜੀਟੇਸ਼ਨ ਨੂੰ ਔਰਤ ਦਾ ਜਾਗ੍ਰਿਤੀ ਰੂਪ ਸਮਝਦੀ ਹੈ। ਇਸੇ ਦਰਮਿਆਨ ਇਕਾਂਗੀ ਦਾ ਸਿਖਰ ਵਾਪਰਦਾ ਹੈ। ਗਲੀ ਦਾ ਇਕ ਬੱਚਾ ਬਬਲੂ ਜੋ ਅਕਸਰ 'ਪਤੀ' ਨਾਲ ਸ਼ਰਾਰਤਾਂ ਕਰਦਾ ਰਹਿੰਦਾ ਹੈ, ਪਤੀ ਵਲ ਇਕ ਰੀਟਾ ਸੁਟਦਾ ਹੈ ਪਤੀ ਬਬਲੂ ਨੂੰ ਡਾਂਟ ਹੀ ਰਿਹਾ ਹੁੰਦਾ ਹੈ ਕਿ ਰੀਟਾ ਐਜੀਟੇਸ਼ਨ ਵਾਲੀਆਂ

ਔਰਤਾਂ ਵਿਚੋਂ ਕਿਸੇ ਦੇ ਲਗਦਾ ਹੈ। ਉਸ ਸਮਝਦੀ ਹੈ ਕਿ 'ਪਤੀ' ਨੇ ਗੀਟਾ ਉਸਦੇ ਮਾਰਿਆ ਹੈ। ਪਤੀ ਤੇ ਪਤਨੀ ਦੇ ਸਮਝਾਉਣ ਦੇ ਬਾਵਜੂਦ ਐਜੀਟੇਸ਼ਨ ਦਾ ਰੁੱਖ ਉਹਨਾਂ ਦੇ ਘਰ ਵੱਲ ਹੋ ਜਾਂਦਾ ਹੈ। ਦਿਉਰ ਵਿਅੰਗ ਨਾਲ ਕਹਿੰਦਾ ਹੈ, ''ਔਰਤਾਂ ਵਿਚ ਜੋਸ਼ੋ-ਖਰੋਸ਼ ਪੈਦਾ ਹੋ ਚੁੱਕਾ ਹੈ। ਇਸ ਸਮੇਂ ਪਤੀ ਅਤੇ ਪਤਨੀ ਡਰੇ ਹੋਏ ਸੱਸ ਸਹੁਰੇ ਵਾਂਗ ਆਪਣੇ ਘਰ ਦੇ ਅੰਦਰ ਲੁਕਦੇ ਹਨ ਅਤੇ ਐਜੀਟੇਸ਼ਨ ਕਰ ਰਹੀਆਂ ਔਰਤਾਂ ਉਹਨਾਂ ਦੇ ਬੂਹੇ ਖੜਕਾਉਂਦੀਆਂ 'ਗੁੰਡਾਗਰਦੀ' ਦੇ ਖਿਲਾਫ਼ ਨਾਹਰੇ ਲਾਉਂਦੀਆਂ ਹਨ।

## ਪਾਤਰ-ਉਸਾਰੀ

ਹਰਸਰਨ ਸਿੰਘ ਨੇ ਐਜੀਟੇਸ਼ਨ ਇਕਾਂਗੀ ਦੀ ਪਾਤਰ-ਉਸਾਰੀ ਕਈ ਜੁਗਤਾਂ ਨਾਲ ਕੀਤੀ ਹੈ। ਰੰਭਾ ਦੇਵੀ ਨੂੰ ਸਮੂਹ ਇਸਤਰੀ ਵਰਗ ਦੀ ਪ੍ਰਤੀਨਿਧ ਬਣਾ ਕੇ ਪੇਸ਼ ਕੀਤਾ ਗਿਆ ਹੈ। ਉਹ ਸੁਚੇਤ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਤੋਂ ਇਲਾਵਾ ਪਤੀ, ਪਤਨੀ ਅਤੇ ਦਿਉਰ ਇਸਦੇ ਕੁਝ ਹੋਰ ਮਹੱਤਵਪੂਰਨ ਪਾਤਰ ਹਨ ਜਿਨ੍ਹਾਂ ਦੀ ਪਾਤਰ-ਉਸਾਰੀ ਇਕਾਂਗੀਕਾਰ ਨੇ ਉਨ੍ਹਾਂ ਦੀ ਪਰਸਪਰ ਵਾਰਤਾਲਾਪ ਦੁਆਰਾ ਕੀਤੀ ਹੈ ਜਿਵੇਂ :

> ਪਤਨੀ : ਤੁਸੀਂ ਕੌਣ ਹੋ?
> ਆਦਮੀ : ਜੀ ਮੈਂ ਇਕ ਫੋਟੋਗਰਾਫਰ ਹਾਂ।
> ਦਿਉਰ : ਤੁਸੀਂ ਇੱਥੇ ਕੀ ਕਰਨ ਆਏ ਹੋ?
> ਆਦਮੀ : ਜੀ ਐਜੀਟੈਸ਼ਨ ਕਰਨ ਵਾਲੀਆਂ ਔਰਤਾਂ ਦੀ ਇਕ ਤਸਵੀਰ ਲੈਣ ਆਇਆਂ।

ਇਕਾਂਗੀਕਾਰ ਨੇ ਪਾਤਰ ਉਸਾਰੀ ਵਾਸਤੇ ਵਾਰਤਾਲਾਪ ਦੇ ਤਿੱਖੇ ਹਥਿਆਰ ਦੀ ਵਰਤੋਂ ਕੀਤੀ ਹੈ। ਕਈ ਥਾਂ ਉਸਨੇ ਪਾਤਰ ਉਸਾਰੀ ਕਰਨ ਲਈ ਵਿਅੰਗ ਦਾ ਸਹਾਰਾ ਵੀ ਲਿਆ ਹੈ। ਇਸ ਇਕਾਂਗੀ ਵਿੱਚ ਸਮੂਹ ਪਾਤਰ ਦਾ ਸੰਕਲਪ ਵੀ ਪੇਸ਼ ਕੀਤਾ ਗਿਆ ਹੈ। ਬਹੁਤ ਸਾਰੀਆਂ ਔਰਤਾਂ ਇਕੱਠੀਆਂ ਹੋ ਕੇ ਨਾਹਰੇ ਲਾਉਂਦੀਆਂ ਹਨ, ਐਜੀਟੇਸ਼ਨ ਕਰਦੀਆਂ ਹਨ, ਰੋਂਦੀਆਂ ਹਨ, ਪਿੱਟਦੀਆਂ ਹਨ। ਇਹ ਔਰਤਾਂ ਮਿਲਕੇ ਇੱਕ ਸਮੂਹ ਪਾਤਰ ਦੇ ਰੂਪ ਵਿੱਚ ਵੀ ਪੇਸ਼ ਹੁੰਦੀਆਂ ਹਨ ਜੋ ਸਮਾਜਕ ਨਿਆਂ ਅਤੇ ਸੋਸ਼ਣ ਦਾ ਸ਼ਿਕਾਰ ਹਨ ਜਿਵੇਂ ਲਿਖੀ ਵਾਰਤਾਲਾਪ ਤੋਂ ਸਪੱਸ਼ਟ ਹੈ :

> ਨੀਚੇ ਤੋਂ ਇੱਕ ਔਰਤ : ਇਹ ਬਦਮਾਸ਼ੀ ਨਹੀਂ ਚਲੇਗੀ
> ਬਹੁਤ ਸਾਰੀਆਂ ਔਰਤਾਂ ਨਹੀਂ ਚਲੇਗੀ।
> ਪਤਨੀ : ਭੈਣ ਜੀ, ਉਸ ਬੱਚੇ ਨੇ ........
> ਨੀਚੇ ਤੋਂ ਇੱਕ ਔਰਤ : ਹੁਣ ਅਸੀਂ ਗੁੰਡਾਗਰਦੀ ਨਹੀਂ ਹੋਣ ਦਿਆਂਗੇ।
> ਬਹੁਤ ਸਾਰੀਆਂ : ਨਹੀਂ ਹੋਣ ਦਿਆਂਗੇ।

## ਪਲਾਟ

ਇਸ ਇਕਾਂਗੀ ਦਾ ਪਲਾਟ ਹੀ ਯਥਾਰਥ ਹੈ। ਪਤਨੀ ਅਤੇ ਦਿਉਰ ਦਾ ਐਜੀਟੇਸ਼ਨ ਦੇ ਮੁੱਦੇ ਤੇ ਵਿਚਾਰ ਕਰਨਾ, ਰੰਭਾ ਦੀ ਲੀਡਰ ਬਣ ਕੇ ਆਉਣਾ, ਫੋਟੋਗ੍ਰਾਫਰ ਦਾ ਐਜੀਟੇਸ਼ਨ ਕਰ ਰਹੀਆਂ ਔਰਤਾਂ ਦੀ ਫੋਟੋ ਲੈਣਾ, ਔਰਤਾਂ ਦਾ ਨਾਹਰੇ ਲਾਉਣਾ, ਪਿਟਣਾ ਅਤੇ ਰੋਣਾ ਆਦਿ ਸਭ ਕੁਝ ਕੁਦਰਤੀ ਲਗਦਾ ਹੈ। ਇਕਾਂਗੀ ਵਿੱਚ ਇਕਾਂਗੀਕਾਰ ਨੇ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਨੂੰ ਵੀ ਕਾਇਮ ਰੱਖਿਆ ਹੈ। ਰੋਚਿਕਤਾ ਅਤੇ ਉਤਸੁਕਤਾ ਵੀ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਕਾਇਮ ਰੱਖੀ ਹੈ।

## ਵਾਰਤਾਲਾਪ

ਇਕਾਂਗੀਕਾਰ ਨੇ ਵਾਰਤਾਲਾਪ ਨੂੰ ਬਹੁਤ ਹੀ ਸੂਝ ਬੂਝ ਅਤੇ ਸੰਜਮ ਨਾਲ ਵਰਤਿਆ ਹੈ। ਇਸ ਇਕਾਂਗੀ ਦੀ ਵਾਰਤਾਲਾਪ ਇਕਾਂਗੀਕਾਰ ਨੇ ਕਈ ਮੰਤਵ ਪੂਰੇ ਕਰਦੀ ਹੈ। ਇਹ ਵਾਰਤਾਲਾਪ ਹੀ ਹੈ ਜਿਹੜੀ ਵੱਖ-ਵੱਖ ਪਾਤਰਾਂ ਦੇ ਸੁਭਾਅ ਨੂੰ ਉਘਾੜਦੀ ਹੈ। ਜਿਸ ਬਾਰੇ ਬੋਲੀ ਜਾਂਦੀ ਹੈ, ਉਸ ਦਾ ਉਲੇਖ ਕਰਦੀ ਹੈ ਤੇ ਦਰਸ਼ਕਾਂ ਦੇ ਮਨ ਵਿਚ ਉਹ ਚਿੱਤਰ ਉਜਾਗਰ ਕਰਨ ਦਾ ਯਤਨ ਕਰਦੀ ਹੈ ਜੋ ਇਕਾਂਗੀ ਵਿੱਚ ਛੁਪੇ ਹੁੰਦੇ ਹਨ। ਹਰਸਰਨ ਸਿੰਘ ਦੇ ਇਕਾਂਗੀ 'ਐਜੀਟੇਸ਼ਨ' ਵਿਚੋਂ ਇਹ ਵਾਰਤਾਲਾਪ ਸਾਡੇ ਉਪਰੋਕਤ ਕਥਨ ਦੀ ਪੁਸ਼ਟੀ ਕਰਦਾ ਹੈ :

> ਦਿਉਰ : ਆਉ ਰੰਭਾ ਭੈਣ ਜੀ।
> ਰੰਭਾ : ਤੁਸੀਂ ਇੱਥੇ ਕਿਵੇਂ?

ਦਿਉਰ : ਮੈਨੂੰ ਮੇਰੀ ਪਾਰਟੀ ਨੇ ਭੇਜਿਆ ਏ। ਐਜੀਟੇਸ਼ਨ ਦਾ ਸਰਵੇਖਣ ਕਰਨ ਲਈ, ਪਰ ਤੁਸੀਂ ਇਥੇ ਕਿਵੇਂ?

ਰੰਭਾ : ਮੈਂ ਇਹ ਵੇਖਣ ਆਈ ਹਾਂ ਕਿ ਇਥੇ ਇਸ ਖਿੜਕੀ ਕੋਲ ਖੜੋ ਕੇ ਲੈਕਚਰ ਦਿੱਤਾ ਜਾਵੇ ਤਾਂ ਕਿਹੋ ਜਿਹਾ ਰਹੇ।

ਦਿਉਰ : ਤਾਂ ਤੁਸੀਂ ਲੈਕਚਰ ਦੇਣ ਆਏ ਹੋ?

ਰੰਭਾ : ਜੀ ਇਹ ਔਰਤਾਂ ਦੀ ਐਜੀਟੇਸ਼ਨ ਹੈ ਤੇ ਮੈਂ ਲੇਡੀ ਲੀਡਰ ਹਾਂ।

ਦਿਉਰ : ਕੀ ਤੁਹਾਨੂੰ ਪਤਾ ਹੈ ਕਿ ਲੋਕ ਆਖਦੇ ਨੇ ਕਿ ਇਥੇ ਇਕ ਕਤਲ ਹੋਇਆ ਹੈ?

ਰੰਭਾ : ਕੌਣ ਨਹੀਂ ਜਾਣਦਾ : ਤਿੰਨਾ ਦਿਨਾਂ ਤੋਂ ਐਜੀਟੇਸ਼ਨ ਹੋ ਰਿਹਾ ਹੈ। ਅਖਬਾਰਾਂ ਵਿਚ ਖ਼ਬਰਾਂ ਛਪ ਰਹੀਆਂ ਨੇ।

ਦਿਉਰ : ਤਾਂ ਫਿਰ ਤੁਸੀਂ ਐਜੀਟੇਸ਼ਨ ਦਾ ਸਮਰਥਨ ਕਿਉਂ ਕਰੋਗੇ?

ਰੰਭਾ : ਸਦੀਆਂ ਪਿੱਛੋਂ ਅਜਿਹਾ ਜੋਸ਼-ਓ-ਖਰੋਸ਼ ਤੇ ਸੰਗਠਨ ਔਰਤਾਂ ਵਿਚ ਪੈਦਾ ਹੋਇਆ ਏ, ਹੁਣ ਔਰਤ ਜਾਤ ਜਾਗ ਚੁੱਕੀ ਏ। ਇਸ ਜਾਗ ਨੂੰ ਕਾਇਮ ਰੱਖਣਾ ਚਾਹੀਦਾ ਏ। ਅਜੇ ਅਸੀਂ ਬਹੁਤ ਸਾਰੇ ਹੋਰ ਐਜੀਟੇਸ਼ਨ ਕਰਨੇ ਨੇ।

**ਵਾਤਾਵਰਨ**

ਇਸ ਇਕਾਂਗੀ ਦਾ ਵਾਤਾਵਰਨ ਸ਼ਹਿਰ ਦੀ ਇਕ ਗਲੀ ਤੇ ਉਸ ਵਿਚਲੇ ਇੱਕ ਚੁਬਾਰੇ ਦਾ ਹੈ। ਇਕਾਂਗੀਕਾਰ ਨੇ ਚੁਬਾਰੇ ਦਾ ਅੰਦਰੂਨੀ ਵਾਯੂਮੰਡਲ ਸਿਰਫ ਸੰਕੇਤਾਂ ਰਾਹੀਂ ਹੀ ਰੂਪਮਾਨ ਕੀਤਾ ਹੈ। ਔਰਤਾਂ ਦਾ ਐਜੀਟੇਸ਼ਨ ਕਰਦੇ ਹੋਏ ਉੱਚੀ ਉੱਚੀ ਨਾਹਰੇ ਲਗਾਉਣਾ, ਛਾਤੀਆਂ ਪਿੱਟਣਾ, ਤੇ ਰੋਣਾ ਬਹੁਤ ਹੀ ਸੁਭਾਵਿਕ ਲੱਗਦਾ ਹੈ।

**ਰੰਗ-ਮੰਚ**

ਰੰਗ ਮੰਚ ਦੀ ਦ੍ਰਿਸ਼ਟੀ ਤੋਂ ਵੀ ਇਹ ਇਕਾਂਗੀ ਪੂਰੀ ਤਰ੍ਹਾਂ ਸਫ਼ਲ ਕਿਹਾ ਜਾ ਸਕਦਾ ਹੈ ਕਿਉਂਕਿ ਇਕਾਂਗੀਕਾਰ ਨੂੰ ਮੰਚ ਦੀ ਚੰਗੀ ਸੂਝ ਹੈ। ਉਹ ਨਾਟਕ ਜਾਂ ਇਕਾਂਗੀ ਲਿਖਣ ਮੰਚ ਨੂੰ ਦਰਿਸ਼ਟੀ ਵਿੱਚ ਰੱਖਦਾ ਹੈ। ਭਾਵੇਂ ਉਸਦੇ ਸਾਰੇ ਨਾਟਕ ਮੰਚ ਉਪਰ ਪੇਸ਼ ਨਹੀਂ ਹੋਏ, ਪਰ ਫਿਰ ਵੀ ਉਸਦੇ ਬਹੁਤੇ ਨਾਟਕ ਮੰਚ ਉਪਰ ਸਫਲ ਰਹੇ ਹਨ। 'ਐਜੀਟੇਸ਼ਨ' ਇਕਾਂਗੀ ਵਿੱਚ ਵੀ ਮੰਚ-ਸਾਮੱਗਰੀ ਦੀ ਬਹੁਤ ਘੱਟ ਲੋੜ ਪੈਂਦੀ ਹੈ। ਇਸ ਇਕਾਂਗੀ ਦੇ ਸ਼ੁਰੂ ਵਿੱਚ ਹੀ ਇਕਾਂਗੀਕਾਰ ਨੇ ਮੰਚ-ਨਿਰਦੇਸ਼ ਦੇ ਦਿੱਤੇ ਹਨ ਕਿ ਮੰਚ ਉਪਰ ਕਿਹੜੀ ਕਿਹੜੀ ਚੀਜ਼ ਚਾਹੀਦੀ ਹੈ। ਐਜੀਟੇਸ਼ਨ ਕਰ ਰਹੀਆਂ ਔਰਤਾਂ ਦੀ ਭੀੜ ਨੂੰ ਵੀ ਮੰਚ ਤੇ ਪੇਸ਼ ਕਰਨਾ ਕਠਿਨ ਨਹੀਂ ਹੈ। ਵਿਸਤਰਿਤ ਮੰਚ-ਨਿਰਦੇਸ਼ ਦੇਣ ਦੀ ਪ੍ਰਵਿਰਤੀ ਰੰਗ ਕਰਮੀ ਨੂੰ ਮੰਚ ਉੱਤੇ ਇਕਾਂਗੀ ਖੇਡਣ ਵਿੱਚ ਬਹੁਤ ਮਦਦਗਾਰ ਸਾਬਤ ਹੁੰਦੀ ਹੈ।

**ਸਿਰਲੇਖ :**

ਇਸ ਇਕਾਂਗੀ ਦਾ ਸਿਰਲੇਖ 'ਐਜੀਟੇਸ਼ਨ' ਬਹੁਤ ਢੁੱਕਵਾਂ ਹੈ ਕਿਉਂਕਿ ਸਾਰੇ ਇਕਾਂਗੀ ਦਾ ਮੂਲ ਵਿਸ਼ਾ ਦਿਨ-ਬ-ਦਿਨ ਜਾਗਰੂਕ ਹੋ ਰਹੀਆਂ ਔਰਤਾਂ ਵਲੋਂ ਕੀਤੀ ਜਾ ਰਹੀ ਐਜੀਟੇਸ਼ਨ ਹੈ। ਲੱਗਭੱਗ ਸਾਰੇ ਪਾਤਰ ਹੀ ਐਜੀਟੇਸ਼ਨ ਦਾ ਸਮਰਥਨ ਕਰਦੇ ਹਨ ਕਿਉਂਕਿ ਸਦੀਆਂ ਦੀ ਮਧੋਲੀ ਅਤੇ ਸਿੱਧੀ ਹੋਈ ਔਰਤ ਹੁਣ ਜਾਗ ਉਠੀ ਹੈ ਤੇ ਉਹ ਹੁਣ ਇਸ ਜਾਗ ਨੂੰ ਹਰ ਕੀਮਤ ਤੇ ਕਾਇਮ ਰੱਖਣਾ ਚਾਹੁੰਦੀਆਂ ਹਨ ਤੇ ਉਹ ਆਉਣ ਵਾਲੇ ਸਮੇਂ ਵਿੱਚ ਅਜੇ ਹੋਰ ਐਜੀਟੇਸ਼ਨ ਕਰਨੀਆਂ ਚਾਹੁੰਦੀਆਂ ਹਨ। ਫੋਟੋਗਰਾਫਰ ਵੀ ਇਸ ਐਜੀਟੇਸ਼ਨ ਦੀਆਂ ਤਸਵੀਰਾਂ ਲੈ ਕੇ ਦੈਨਿਕ ਅਖਬਾਰਾਂ ਨੂੰ ਭੇਜ ਰਿਹਾ ਹੈ। ਪਤਨੀ ਅਤੇ ਦਿਉਰ ਦੀ ਵਾਰਤਾਲਾਪ ਦਾ ਕੇਂਦਰੀ ਬਿੰਦੂ ਵੀ ਇਹ ਐਜੀਟੇਸ਼ਨ ਹੀ ਹੈ। ਇਥੋਂ ਤੱਕ ਕਿ ਔਰਤਾਂ ਦਾ ਪੂਰੇ ਦਾ ਪੂਰਾ ਸਮੂਹ ਵੀ ਇਸ ਐਜੀਟੇਸ਼ਨ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦਾ ਹੈ। ਇਸ ਕਰਕੇ ਅਸੀਂ ਆਖ ਸਕਦੇ ਹਾਂ ਕਿ ਇਸ ਇਕਾਂਗੀ ਦਾ ਸਿਰਲੇਖ ਬਹੁਤ ਹੀ ਢੁੱਕਵਾਂ ਹੈ। ਇਹ ਇਸ ਇਕਾਂਗੀ ਦੇ ਮੂਲ ਵਿਸ਼ੇ ਉੱਤੇ ਅਧਾਰਤ ਹੈ।

# ਬਗਾਨੇ ਬੋਹੜ ਦੀ ਛਾਂ
# (ਅਜਮੇਰ ਸਿੰਘ ਔਲਖ)

## ਬਗਾਨੇ ਬੋਹੜ ਦੀ ਛਾਂ ਇਕਾਂਗੀ ਦੀ ਸਾਹਿਤਕ ਪਰਖ

**ਜਾਣ-ਪਛਾਣ :**

ਅਜਮੇਰ ਸਿੰਘ ਔਲਖ ਪੰਜਾਬੀ ਦਾ ਪ੍ਰਸਿੱਧ ਨਾਟਕਕਾਰ ਹੈ ਜਿਸਨੇ ਮਾਲਵੇ ਦੇ ਪੇਂਡੂ ਜੀਵਨ ਨੂੰ ਆਪਣੇ ਨਾਟਕਾਂ ਦਾ ਕੇਂਦਰੀ ਬਿੰਦੂ ਬਣਾਇਆ ਹੈ। ਉਸਦੇ ਨਾਟਕ ਮਾਲਵੇ ਦੇ ਘੱਟ ਜ਼ਮੀਨੇ ਕਿਸਾਨਾਂ ਦੀ ਯਥਾਰਥਕ ਤਸਵੀਰ ਦਰਸ਼ਕਾਂ ਸਾਹਮਣੇ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਉਸਨੇ ਲੋਕ ਕਹਾਣੀਆਂ ਨੂੰ ਆਧਾਰ ਬਣਾ ਕੇ ਨਾਟਕ ਵੀ ਲਿਖੇ ਹਨ, ਜਿਹੜੇ ਜਨ-ਸਾਧਾਰਨ ਵਿੱਚ ਬਹੁਤ ਹੀ ਜ਼ਿਆਦਾ ਮਕਬੂਲ ਹੋਏ ਹਨ।

**ਵਿਸ਼ਾ-ਵਸਤੂ**

'ਅਜਮੇਰ ਸਿੰਘ ਔਲਖ' ਨੇ ਆਪਣੇ ਇਕਾਂਗੀ ਵਿੱਚ ਮਾਲਵੇ ਦੇ ਥੋੜ੍ਹ-ਜ਼ਮੀਨੇ ਕਿਸਾਨਾਂ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਆਰਥਿਕ ਥੁੜ੍ਹਾਂ ਨੂੰ ਪੇਸ਼ ਕੀਤਾ ਹੈ। ਉਹ ਗੁਰਬਤ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿੱਸ ਰਹੇ ਹਨ। ਉਨ੍ਹਾਂ ਦੀ ਆਰਥਿਕ ਹਾਲਤ ਏਨੀ ਮਾੜੀ ਹੋ ਚੁੱਕੀ ਹੈ ਕਿ ਉਨ੍ਹਾਂ ਕੋਲ ਸਿਰ ਢੱਕਣ ਲਈ ਚੰਗਾ ਮਕਾਨ ਅਤੇ ਤਨ ਢੱਕਣ ਲਈ ਵਧੀਆ ਕੱਪੜਾ ਵੀ ਨਹੀਂ ਹੈ। ਆਪਣੇ ਬੱਚਿਆਂ ਦਾ ਵਿਆਹ ਕਰਨ ਵੇਲੇ ਅਤੇ ਮੁਕੱਦਮਾ ਲੜਨ ਲਈ ਉਨ੍ਹਾਂ ਨੂੰ ਸ਼ਾਹੂਕਾਰਾਂ ਕੋਲੋਂ ਬਹੁਤ ਜ਼ਿਆਦਾ ਵਿਆਜ ਤੇ ਰਕਮ ਲੈਣੀ ਪੈਂਦੀ ਹੈ ਜਿਸ ਨੂੰ ਸਾਰੀ ਉਮਰ ਮੋੜਨਾ ਉਨ੍ਹਾਂ ਲਈ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਸਾਰੀ ਉਮਰ ਸ਼ਾਹੂਕਾਰ ਦੇ ਸ਼ਿਕੰਜੇ ਵਿਚ ਜਕੜੇ ਅੰਦਰੋ ਲਹੂ-ਲੁਹਾਨ ਹੁੰਦੇ ਰਹਿੰਦੇ ਹਨ। ਡਾ. ਰਘਬੀਰ ਸਿੰਘ ਦੇ ਇਕਾਂਗੀ ਦੇ ਵਿਸ਼ਾ-ਵਸਤੂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਆਖਦੇ ਹਨ :

ਅਜਮੇਰ ਸਿੰਘ ਔਲਖ ਦਾ ਇਹ ਇਕਾਂਗੀ ਮਾਲਵੇ ਦੀ ਨਿਮਨ ਕਿਸਾਨੀ ਨਾਲ ਸੰਬੰਧਿਤ ਹੈ। ਘੱਟ ਜ਼ਮੀਨੇ ਪਰਿਵਾਰ ਔਖ ਨਾਲ ਦਿਨ-ਕਟੀ ਕਰਦੇ ਹਨ ਅਤੇ ਆਪਣੀਆਂ ਸਾਧਾਰਣ ਲੋੜਾਂ ਦੀ ਪੂਰੀ ਕਰਨੋਂ ਵੀ ਅਸਮਰਥ ਹਨ। ਇਕਾਂਗੀ ਦਾ ਨਾਇਕ ਗੱਜਣ ਸਿੰਘ ਆਪਣੇ ਪਰਿਵਾਰ ਦੀ ਗੱਡੀ ਬੜੀ ਔਖ ਨਾਲ ਚਲਾ ਰਿਹਾ ਹੈ। ਉਸ ਦੀ ਪਤਨੀ ਗੁਰਨਾਮ ਕੌਰ ਇਸ ਗਲੋਂ ਦੁੱਖੀ ਹੈ ਕਿ ਉਹ ਘਰ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਰਿਹਾ। ਉਸ ਦੀ ਭਰਜਾਈ ਸੀਤੋ ਇਸ ਗੱਲੋਂ ਨਾਰਾਜ਼ ਹੈ ਕਿ ਘਰ ਦੀ ਵੰਡ-ਵੰਡਾਈ ਸਮੇਂ ਉਨ੍ਹਾਂ ਨੂੰ ਪੂਰਾ ਹਿੱਸਾ ਨਹੀਂ ਮਿਲਿਆ। ਪਿੰਡ ਦਾ ਸ਼ਾਹੂਕਾਰ ਕਾਸ਼ੀ ਰਾਮ ਕਰਜ਼ਾ ਵਾਪਸ ਕਰਵਾਉਣ ਲਈ ਵਾਰ ਵਾਰ ਗੇੜੇ ਮਾਰਦਾ ਹੈ। ਇਸ ਸਾਰੀ ਸਥਿਤੀ ਵਿੱਚ ਪੀਤਾ ਅਮਲੀ ਇਹਨਾਂ ਮੁਸੀਬਤਾਂ ਤੋਂ ਮੁਕਤ ਹੈ ਕਿਉਂਕਿ ਉਹ ਦੁਨੀਆਂਦਾਰੀ ਤੋਂ ਵਿਹਲਾ ਹੋ ਚੁੱਕਾ ਹੈ। ਉਸਦੀ ਪਤਨੀ ਉਸਦੇ ਅਮਲਾਂ ਕਾਰਨ ਉਸਦੇ ਭਰਾ ਦੇ ਵਸ ਗਈ ਹੈ। ਪੀਤੇ ਨੇ ਜ਼ਿੰਦਗੀ ਦੇ ਦੁੱਖਾਂ ਨੂੰ ਨਸ਼ਿਆਂ ਵਿੱਚ ਭੁਲ ਕੇ ਆਪਣੀ ਟੁਣਕਵੀਂ ਸ਼ਖਸੀਅਤ ਉਸਾਰ ਲਈ ਹੈ ਜਿਹੜੀ ਕਾਸ਼ੀ ਰਾਮ ਤੇ ਵੀ ਵਿਅੰਗ ਕਰ ਸਕਦੀ ਸੀ। ਗੱਜਣ ਦਾ ਭਰਾ ਗੇਲਾ ਸਾਰੇ ਦੁੱਖ ਸ਼ਰਾਬ ਵਿਚ ਭੁਲਾਉਣ ਦਾ ਯਤਨ ਕਰਦਾ ਹੈ। ਇਕਾਂਗੀ ਵਿੱਚ ਬੇਗਾਨੇ ਬੋਹੜ ਦੀ ਛਾਂ ਨੂੰ ਇਕ ਪ੍ਰਤੀਕ ਵਜੋਂ ਵਰਤਿਆ ਗਿਆ ਹੈ। ਭਾਵ ਘੱਟ ਜ਼ਮੀਨੇ ਪਰਿਵਾਰ ਆਪਣੀਆਂ ਲੋੜਾਂ ਖੁਦ ਪੂਰੀਆਂ ਕਰਨ ਦੇ ਸਮਰੱਥ ਨਹੀਂ ਸਗੋਂ ਇਕ ਉਧਾਰੀ ਜ਼ਿੰਦਗੀ ਗੁਜਾਰ ਰਹੇ ਹਨ :

ਜਨਮ ਧਾਰਿਆ ਢਿੱਡ ਦੀ ਲੋੜ ਵਿਚੋਂ,
ਮਰ ਜਾਣਕੇ ਢਿੱਡ ਦੀ ਲੋੜ ਥੱਲੇ।
ਘੜੀ ਸੁੱਖ ਦੀ ਭਾਲਦੇ ਭਲਾ ਕਿੱਥੋਂ,
ਜਿਹੜੇ ਰਹਿਣ ਬਗਾਨੜੇ ਬੋਹੜ ਥੱਲੇ।

ਇਸ ਤਰ੍ਹਾਂ ਆਰਥਿਕ ਤੌਰ ਤੇ ਪਛੜੇ ਅਤੇ ਸ਼ਾਹੂਕਾਰਾਂ ਦੀ ਲੁੱਟ ਖਸੁੱਟ ਦਾ ਸ਼ਿਕਾਰ ਲੋਕ ਦੁੱਖ-ਭਰਿਆ ਜੀਵਨ ਬਤੀਤ ਕਰ ਰਹੇ ਹਨ। ਸਰਮਾਏਦਾਰਾਂ ਦੇ ਹੱਥਾਂ ਵਿੱਚ ਉਨ੍ਹਾਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਵੀ ਸੁਰੱਖਿਅਤ ਨਹੀਂ ਹੈ, ਜਿਸ ਕਰਕੇ ਲੜਾਈਆਂ ਹੁੰਦੀਆਂ ਹਨ, ਕਚਹਿਰੀਆਂ ਵਿਚ ਮੁਕੱਦਮੇ ਚਲਦੇ ਹਨ ਤੇ ਗਰੀਬ ਕਿਸਾਨ ਦਿਨ-ਬ-ਦਿਨ ਹੋਰ ਕੰਗਾਲ ਹੁੰਦਾ ਜਾਂਦਾ ਹੈ। ਘੋਰ ਗਰੀਬੀ ਅਤੇ ਜ਼ਹਿਮਤਾਂ ਉਸ ਦਾ ਪਿੱਛਾ ਨਹੀਂ ਛੱਡਦੀਆਂ। ਇਹੋ ਮੂਲ ਵਿਸ਼ਾ ਇਸ ਇਕਾਂਗੀ ਵਿੱਚ ਰੂਪਮਾਨ ਕੀਤਾ ਗਿਆ ਹੈ।

**ਪਾਤਰ ਉਸਾਰੀ**

ਇਕਾਂਗੀਕਾਰ ਨੇ ਇਸ ਇਕਾਂਗੀ ਵਿੱਚ ਕੁਲ ਨੌਂ ਪਾਤਰ ਪੇਸ਼ ਕੀਤੇ ਹਨ। ਕਾਸ਼ੀ ਰਾਮ ਇੱਕ ਸ਼ਾਹੂਕਾਰ ਹੈ ਜਿਹੜਾ ਗਰੀਬ ਕਿਸਾਨਾਂ ਦਾ ਲਹੂ ਪੀ ਪੀ ਕੇ ਆਪਣੀਆਂ ਤਿੰਜ਼ੋਰੀਆਂ ਭਰੀ ਜਾਂਦਾ ਹੈ। ਉਹ ਸ਼ਾਹੂਕਾਰ-ਵਰਗ ਦੀ ਪੂਰੀ ਪ੍ਰਤੀਨਿਧਤਾ ਕਰਦਾ ਹੈ। ਇਸ ਤੋਂ ਇਲਾਵਾ ਸਾਰੇ ਪਾਤਰ ਪਿੰਡ ਦੀ ਛੋਟੀ ਕਿਸਾਨੀ ਨਾਲ ਸੰਬੰਧ ਰਖਦੇ ਹਨ। ਇਹ ਸਾਰੇ ਪਾਤਰ ਸਹਿਜ ਅਤੇ ਕੁਦਰਤੀ ਜੀਵਨ ਬਤੀਤ ਕਰਦੇ ਹਨ। ਗੁਰਨਾਮ ਸਿੰਘ ਵਰਗੇ ਗਰੀਬੀ ਦੀ ਭੱਠੀ ਵਿੱਚ ਭੁੱਜਦੇ ਹਨ, ਆਪਣੇ ਪਤੀ ਨੂੰ ਪਰੇਸ਼ਾਨ ਅਤੇ ਤੰਗ ਕਰਨ ਵਾਲੀ ਗੁਰਨਾਮ ਕੌਰ, ਸ਼ਰਾਬ ਦੇ ਨਸ਼ੇ ਵਿੱਚ ਧੁੱਤ ਰਹਿਣ ਵਾਲਾ ਗੇਲਾ, ਅਮਲ ਦਾ ਮਾਰਿਆ ਹੋਇਆ ਪੀਤਾ, ਅਣਖ ਦਾ ਪੁੰਜ ਟਹਿਲ ਸਿੰਘ ਅਤੇ ਬਿੰਦਰ ਸਾਨੂੰ ਆਪਣੇ ਰੋਜਾਨਾਂ ਜੀਵਨਭ ਵਿਚ ਵਿਚਰਦੇ ਹੋਏ ਆਮ ਦ੍ਰਿਸ਼ਟੀਗੋਚਰ ਹੁੰਦੇ ਹਨ। ਇਕਾਂਗੀਕਾਰ ਨੇ ਇਨ੍ਹਾਂ ਪਾਤਰਾਂ ਦਾ ਚਰਿੱਤਰ ਚਿਤਰਨ ਅਨੇਕ ਢੰਗਾਂ ਨਾਲ ਕੀਤਾ ਹੈ ਜਿਵੇਂ ਪਾਤਰਾਂ ਦੀ ਆਪਸੀ ਵਾਰਤਾਲਾਪ ਦੁਆਰਾ ਕੀਤਾ ਚਰਿੱਤਰ ਚਿਤਰਣ ਇਸ ਪ੍ਰਕਾਰ ਹੈ :

ਪੀਤਾ : ਓ ਐਮੇ ਨਾ ਚਾਚਾ ਸਿਆਂ ਫਿਕਰਾਂ 'ਚ ਰੋੜ੍ਹਿਆ ਕਰ ਗੱਡੀ ਨੂੰ। ਮੁੰਡਾ ਤੇਰਾ ਕਮਾਊ, ਛੋਟਾ ਬੀ ਸੁਖ ਨਾਲ ਸਾਲ ਛੇ ਮੀਨ੍ਹਿਆਂ ਨੂੰ ਕਿਸੇ ਅਹੁਦੇ ਤੇ ਲਗਿਆ ਈ ਲੈ। ਫੇਰ ਤੂੰ ਕਾਹਦੇ ਪਿੱਛੇ ਚਿੰਤਾ ਦੀ ਚਿਖਾ ਤੇ ਬੈਠੇ ? ਆਹ ਦੇਖ, ਬੋਹੜ ਦੀ ਛਾਂ ਤੇਰੇ ਸਮਝ ਲੈ ਘਰ ਆ ਪੈਂਦੀ ਐ। ਛਾਮੇ ਬੈਠ, ਮੌਜਾਂ ਲੁੱਟ, ਤੂੰ ਕਿੱਸੇ ਸਾਲੇ ਤੋਂ ਲੈ ਕੇ ਖਾਣੈ ? ਕੀ ਕਹਿੰਦੈ ?

ਪਾਤਰਾਂ ਦੇ ਕਾਰਜਾਂ ਰਾਹੀਂ ਵੀ ਇਕਾਂਗੀਕਾਰ ਨੇ ਪਾਤਰ ਉਸਾਰੀ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ ਜਿਵੇ

ਹੇਠ ਲਿਖੀ ਉਦਾਹਰਣ ਤੋਂ ਸਪੱਸ਼ਟ ਹੈ :

ਗੱਜਣ : ਜ਼ਮੀਨ ਤਾਂ ਮੈਂ ਰੱਖਦਿਆਂ ਕੁੜੀ ਦੇ ਵਿਆਹ ਤੇ ? ਅਹੁ ਚਾਰ ਕੀਲਿਆਂ ਦੇ ਸਿਰ ਤੇ ਤੇਰੇ ਕਾਕਿਆਂ ਨੂੰ ਕੌਣ ਦਊ ਡੋਲੇ ?

ਗੁਰਨਾਮ ਕੌਰ : (ਗੁੱਸੇ ਵਿੱਚ) ਚੰਗਾ ਫੇਰ ਕੁੜੀ ਨੂੰ ਬਹਾਕੇ ਰੱਖ ਘਰੇ। ਕਦੇ ਸੱਥ 'ਚ ਬਹਿ ਕੇ ਗੱਲਾਂ ਵੀ ਸੁਣਿਆ ਕਰ ਕਿ ਬੱਸ ਗੁੜਕੇ ਨੂੰ ਗੇੜੇ ਦੇਣ ਹੀ ਜਾਣਦੈ ?

**ਵਾਤਾਵਰਨ**

ਅਜਮੇਰ ਸਿੰਘ ਔਲਖ ਇਕ ਬਹੁਤ ਹੰਢਿਆ ਹੋਇਆ ਨਾਟਕਕਾਰ ਹੈ ਜਿਸਨੇ ਆਪਣੀ ਕਲਮ ਦੀਆਂ ਕੁਝ ਬੁਰਸ਼ ਛੋਹਾਂ ਨਾਲ ਹੀ ਦਿਲ ਨੂੰ ਧੂਹ ਪਾਉਣ ਵਾਲਾ ਵਾਤਾਵਰਨ ਖਿੱਚ ਦਿੱਤਾ ਹੈ। ਮਾਲਵੇ ਦਾ ਇੱਕ ਪਿੰਡ ਹੈ ਜਿਸ ਵਿਚ ਲਹੂ-ਪੀਣੇ ਸ਼ਾਹੂਕਾਰਾਂ, ਅਮਲੀਆਂ, ਵੈਲੀਆਂ, ਗਰੀਬ ਅਤੇ ਅਮੀਰ ਕਿਸਾਨਾਂ ਦੇ ਛੋਟੇ ਵੱਡੇ ਘਰ ਹਨ। ਹਵੇਲੀਆਂ ਹਨ। ਖੇਤਾਂ ਵਿਚ ਹਰ ਰੋਜ਼ ਕੰਮ ਆਉਣ ਵਾਲੀਆਂ ਕਹੀਆਂ, ਰੰਬੇ ਤੇ ਹੋਰ ਵਸਤਾਂ ਵੀ ਵੇਖਣ ਨੂੰ ਮਿਲਦੀਆਂ ਹਨ। ਇਹ ਸਭ ਕੁਝ ਵੇਖ ਕੇ ਇੰਜ ਲਗਦਾ ਹੈ ਜਿਵੇਂ ਕਿਸੇ ਸੁਘੜ ਚਿੱਤਰਕਾਰ ਨੇ ਪੰਜਾਬ ਦੇ ਇਕ ਪੁਰਾਣੇ ਪਿੰਡ ਦਾ ਚਿੱਤਰ ਹੂ-ਬ-ਹੂ ਪੇਸ਼ ਕਰ ਦਿੱਤਾ ਹੋਵੇ।

**ਗੋਦ**

ਇਸ ਇਕਾਂਗੀ ਦੀ ਸਾਮੱਗਰੀ ਪਿੰਡ ਦੇ ਇਕ ਗਰੀਬ ਕਿਸਾਨ ਘਰ ਵਿਚੋਂ ਲਈ ਗਈ ਹੈ। ਇਸ ਇਕਾਂਗੀ ਦੀਆਂ ਲਗਭਗ ਸਾਰੀਆਂ ਘਟਨਾਵਾਂ ਕੁਦਰਤੀ ਅਤੇ ਦਿਲ-ਟੁੰਬਵੀਆਂ ਹਨ ਜਿਵੇਂ ਗੱਜਣ ਸਿੰਘ ਦਾ ਬਿੰਦਰ ਤੋ ਮੰਜਾ ਡੁਹਾਕੇ ਬੈਠਣਾ, ਪੀਤੇ ਦਾ ਆਉਣਾ ਅਤੇ ਗੱਲ ਉਪਰ ਗੱਲ ਮਾਰਨਾ, ਗੁਰਨਾਮ ਕੌਰ ਤੇ ਗੱਜਣ ਦੀ ਤਲਖ ਕਲਾਮੀ ਗੇਲੇ ਦਾ ਰੱਜ ਕੇ ਸ਼ਰਾਬ ਪੀਣਾ, ਪੀਤੇ ਤੇ ਗੁਰਨਾਮ ਕੌਰ ਦੀ ਬਹਿਸ, ਗੱਜਣ ਸਿੰਘ ਦਾ ਖਾਬ ਲੈਣਾ, ਸਰਕਾਰ ਦੇ ਮੁੰਡੇ ਕਾਕੇ ਦਾ ਜੀਤੋ ਦੀ ਬਾਂਹ ਫੜ ਲੈਣਾ ਅਤੇ ਇਸ ਗੱਲ ਤੇ ਲੜਾਈ ਝਗੜੇ ਦਾ ਵਧ ਜਾਣਾ ਆਦਿ ਅਜਿਹੀਆਂ ਘਟਨਾਵਾਂ ਹਨ ਜਿਹੜੀਆਂ ਦਰਸ਼ਕਾਂ ਕੀਲੀ ਰੱਖਦੀਆਂ ਹਨ। ਇਨ੍ਹਾਂ ਵਿਚ ਅਤਿ ਦੀ ਉਤਸੁਕਤਾ ਹੈ, ਨਾਟਕੀਅਤਾ ਹੈ। ਇਸ ਵਿਚ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਆਦਿ ਤੋਂ ਲੈ ਕੇ ਅੰਤ ਤੱਕ ਕਾਇਮ ਰਹਿੰਦੀ ਹੈ। ਇਸ ਕਰਕੇ ਇਸ ਇਕਾਂਗੀ ਦੀ ਗੋਦ ਬਹੁਤ ਗੁੰਦਵੀਂ ਹੈ।

**ਵਾਰਤਾਲਾਪ**

ਇਸ ਇਕਾਂਗੀ ਦੀ ਵਾਰਤਾਲਾਪ ਬਹੁਤ ਚੁਸਤ ਅਤੇ ਟੁਣਕਵੀ ਹੈ।

ਪਾਤਰ ਮਲਵਈ ਬੋਲੀ ਸਹਿਜ ਸੁਭਾਅ ਅਤੇ ਤੋਤੇ ਦੀ ਤਰ੍ਹਾਂ ਬੋਲਦੇ ਹਨ। ਇਸ ਵਿਚ ਨਾ ਕੋਈ ਬਨਾਵਟ ਹੈ ਅਤੇ ਨਾ ਕੋਈ ਉਚੇਚ। ਉਦਾਹਰਣ ਵਜੋਂ ਵਾਰਤਾਲਾਪ ਦਾ ਹੇਠ ਲਿਖਿਆ ਨਮੂਨਾ ਦੇਖੋ :

ਗੱਜਣ ਸਿੰਘ : ਓਏ ਏਸੇ ਗੱਲ ਤੋਂ ਡਰਦੇਆਂ, ਪੀਤਿਆਂ, ਸਾਡੇ ਤਾਂ ਮੁਡੇ ਬੀ ਸਾਲੇ ਅੱਗ ਦੀ ਨਾਲ ਨੇ। ਬੱਡਾ ਵਹਿਲਾ ਤਾਂ ਨੱਕ ਤੇ ਮੱਖੀ ਨ੍ਹੀ ਬੈਠਣ ਦਿੰਦਾ, ਉਈਂ ਕੱਪੜਿਆਂ ਤੋਂ ਬਾਹਰ ਹੋਇਆ ਰਹਿੰਦੇ (ਬਾਹਰ ਗੁਰਨਾਮ ਕੌਰ ਹੱਥ ਵਿੱਚ ਛੱਜ ਲਈ ਆਉਂਦੀ ਹੈ) ਓ ਰੱਬ ਦੀਏ ਬੰਦੀਏ, ਕਦੇ ਘਰੇ ਬਹਿਜਿਆ ਕਰ ਟਿਕ ਕੇ ? ਜਿੱਥੇ ਜਾਣੀਐ ਡੇਰਾ ਈ ਬਣਾਕੇ ਬਹਿ ਜਾਣੀਐ।

ਜਾਂ

ਗੁਰਨਾਮ ਕੌਰ ਲੈ ਭਾਈ ਪੀਤਿਆਂ, ਹੁਣ ਹੈਹਦਾ ਕੀ ਲਾਜ ਐ ? ਮੈਂ ਏਹਨੂੰ ਕਹਿਣੀਆਂ ਦੋ ਖੁੱਡੇ ਹੋਰ ਧਰਦੇ। ਉਹ ਜਾਣੇ ਜਿਥੇ ਥੋੜ੍ਹੀ, ਓਥੇ ਥੋੜ੍ਹੀ ਧੀ ਤਾਂ ਬੂਹਿਉ ਉਠਾਉਣੀ ਉਠਾਉਣੀ।

ਇਹ ਵਾਰਤਾਲਾਪ ਇਕਾਂਗੀ ਦੀ ਕਹਾਣੀ ਨੂੰ ਹੀ ਅੱਗੇ ਨਹੀਂ ਤੋਰਦੀ ਸਗੋਂ ਪਾਤਰਾਂ ਦੇ ਚਰਿੱਤਰ ਤੇ ਉਨ੍ਹਾਂ ਦੀ ਅੰਦਰਲੀ ਕਸ਼ਮਕਸ਼ ਨੂੰ ਵੀ ਰੂਪਮਾਨ ਕਰਦੀ ਹੈ।

**ਰੰਗ-ਮੰਚ:**

ਰੰਗ ਮੰਚ ਦੀ ਦ੍ਰਿਸ਼ਟੀ ਤੋਂ ਵੀ ਇਹ ਇਕਾਂਗੀ ਪੂਰੀ ਤਰ੍ਹਾਂ ਸਫ਼ਲ ਹੈ। ਅਜਮੇਰ ਸਿੰਘ ਔਲਖ ਆਪ ਇਕ ਉਘਾ ਰੰਗ ਕਰਮੀ ਹੈ ਤੇ ਉਸ ਨੇ ਇਹ ਇਕਾਂਗੀ ਅਨੇਕ ਵਾਰ ਰੰਗ ਮੰਚ ਤੇ ਪੇਸ਼ ਕੀਤਾ ਹੈ। ਪੇਂਡੂ ਰੰਗ ਮੰਚ ਦੀ ਉਸਾਰੀ ਵਿਚ ਉਸਦਾ ਭਰਪੂਰ ਯੋਗਦਾਨ ਹੈ। ਡਾ. ਰਘਬੀਰ ਸਿੰਘ ਅਨੁਸਾਰ, ''ਗੁਰਸ਼ਰਨ ਵਾਂਗੂੰ' ਉਹ ਪਿੰਡਾਂ ਵਿੱਚ ਜਾ ਕੇ ਨਾਟਕ ਖੇ ਡਣ ਵਾਲਾ ਸਿਰੜੀ ਨਿਰਦੇਸ਼ਕ ਹੈ। ਉਸ ਦੀਆ ਰੰਗਮੰਚੀ ਜੁਗਤਾਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਉਹ ਦਰਸ਼ਕ-ਮੁੱਖ ਥੀਏਟਰੀ ਚੇਤਨਾ ਵਾਲਾ ਨਾਟਕਕਾਰ ਹੈ ਜਿਸ ਵਿੱਚ ਦਰਸ਼ਕ ਦੀ ਉਸਾਰੂ ਸ਼ਮੂਲੀਅਤ ਅਰਥ ਰੱਖਦੀ ਹੈ।

**ਸਿਰਲੇਖ**

ਇਸ ਇਕਾਂਗੀ ਦਾ ਸਿਰਲੇਖ ਬਗਾਨੇ ਬੋਹੜ ਦੀ ਛਾਂ ਢੁੱਕਵਾਂ ਅਤੇ ਚਿੰਨ੍ਹਾਤਮਕ ਹੈ। ਇਕਾਂਗੀਕਾਰ ਦੇ ਕਹਿਣ ਦਾ ਭਾਵ ਇਹ ਹੈ ਕਿ ਪਿੰਡਾਂ ਦੇ ਛੋਟੇ ਅਤੇ ਗਰੀਬ ਕਿਸਾਨ ਆਤਮ ਨਿਰਭਰ ਨਹੀਂ ਹਨ। ਉਨ੍ਹਾਂ ਨੂੰ ਹਰ ਕਾਰ ਵਿਹਾਰ ਵੇਲੇ ਸ਼ਾਹੂਕਾਰ ਦੇ ਹੱਥਾਂ ਵੱਲ ਝਾਕਣਾ ਪੈਂਦਾ ਹੈ ਜਿਹੜਾ ਵੱਧ ਤੋਂ ਵੱਧ ਵਿਆਜ ਲੈ ਕੇ ਉਨ੍ਹਾਂ ਦੀ ਛਿੱਲ ਲਾਹੁੰਦਾ ਹੈ। ਇਸ ਕਰਕੇ ਇਹ ਗਰੀਬ ਕਿਸਾਨ ਹਮੇਸ਼ਾਂ ਦੁੱਖ ਅਤੇ ਕਸ਼ਟ ਭਰਿਆ ਜੀਵਨ ਬਤੀਤ ਕਰਦੇ ਹਨ। ਉਨ੍ਹਾਂ ਦਾ ਜੀਵਨ ਹਮੇਸ਼ਾਂ ਦੁੱਖਾਂ ਦਾ ਵਿਛੋਣਾ ਬਣਿਆ ਰਹਿੰਦਾ ਹੈ। ਇਥੋਂ ਤੱਕ ਕਿ ਉਨ੍ਹਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਵੀ ਮਿੱਟੀ ਵਿੱਚ ਰੁਲ ਜਾਂਦੀ ਹੈ। ਇਸ ਲਈ ਬਗਾਨੇ ਬੋਹੜ ਦੀ ਛਾਂ ਗਰੀਬ ਅਤੇ ਦੁਖੀ ਕਿਸਾਨਾਂ ਲਈ ਕਦੇ ਵੀ ਸੁੱਖ ਦਾ ਸੋਮਾ ਨਹੀਂ ਬਣਦੀ। ਇਸ ਕਰਕੇ ਅਸੀਂ ਆਖ ਸਕਦੇ ਹਾਂ ਕਿ ਇਕਾਂਗੀ ਦਾ ਇਹ ਸਿਰਲੇਖ ਬਹੁਤ ਹੀ ਢੁੱਕਵਾਂ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਇਕਾਂਗੀ ਸਾਹਿਤ ਗੁਣਾਂ ਨਾਲ ਭਰਪੂਰ ਹੈ।

## ਹਨੀਮੂਨ
## (ਆਤਮਜੀਤ)

### ਹਨੀਮੂਨ ਇਕਾਂਗੀ ਦੀ ਸਾਹਿਤਕ ਪਰਖ

**ਜਾਣ-ਪਛਾਣ** : ਡਾ. ਆਤਮਜੀਤ ਪੰਜਾਬੀ ਦਾ ਪ੍ਰਤਿਭਾਸ਼ਾਲੀ ਨਾਟਕਕਾਰ ਅਤੇ ਨਿਰਦੇਸ਼ਕ ਹੈ। ਉਸਨੇ ਬਹੁਤ ਥੋੜ੍ਹੇ ਜਿਹੇ ਅਰਸੇ ਵਿਚ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਉਸਨੇ ਆਪਣੇ ਨਾਟਕਾਂ ਵਿੱਚ ਅਨੇਕ ਪ੍ਰਕਾਰ ਦੇ ਵਿਸ਼ਿਆਂ ਨੂੰ ਮੂਰਤੀਮਾਨ ਕੀਤਾ ਹੈ। ਉਸਨੇ ਪੰਜਾਬੀ ਰੰਗਮੰਚ ਦੇ ਵਿਕਾਸ ਦੀਆਂ ਨਿੱਗਰ ਅਤੇ ਠੋਸ ਯੋਜਨਾਵਾਂ ਵੀ ਉਲੀਕੀਆਂ ਹਨ। ਉਹ ਇਕ ਪ੍ਰਯੋਗਸ਼ੀਲ ਨਾਟਕਕਾਰ ਹੈ।

**ਵਿਸ਼ਾ-ਵਸਤੂ**

'ਹਨੀਮੂਨ' ਇਕਾਂਗੀ ਦਾ ਕੇਂਦਰੀ ਵਿਸ਼ਾ ਪਤੀ-ਪਤਨੀ ਦੇ ਜੀਵਨ ਦਾ ਕਠੋਰ ਯਥਾਰਥ ਹੈ। ਅਜੋਕਾ ਸ਼ਹਿਰੀ ਜੀਵਨ ਕਈ ਕਮਜ਼ੋਰੀਆਂ ਦਾ ਸ਼ਿਕਾਰ ਹੈ। ਮੱਧ-ਸ਼੍ਰੇਣੀ ਦਾ ਮਨੁੱਖ ਹਰ ਵੇਲੇ ਰੰਗ ਰੰਗੀਲੇ ਸੁਪਨੇ ਸਿਰਜਣ ਵਿੱਚ ਲੱਗਾ ਰਹਿੰਦਾ ਹੈ ਪਰ ਇਹ ਸੁਪਨੇ ਬਹੁਤ ਵਾਰ ਟੁੱਟ ਭੱਜ ਜਾਂਦੇ ਹਨ, ਤਿੜਕ ਜਾਂਦੇ ਹਨ ਤੇ ਕਈ ਵਾਰ ਚੂਰ ਚੂਰ ਵੀ ਹੋ ਜਾਂਦੇ ਹਨ। ਵਿਚਾਰ ਅਧੀਨ ਇਕਾਂਗੀ ਵਿਚ ਸੁਨੀਤਾ ਅਤੇ ਪ੍ਰਕਾਸ਼ ਵਿਆਹ ਤੋਂ ਤੁਰੰਤ ਬਾਦ ਮਜ਼ਬੂਰੀ ਵਸ ਹਨੀਮੂਨ ਮਨਾਉਣ ਲਈ ਨਹੀਂ ਜਾ ਸਕਦੇ। ਵਿਆਹ ਤੋ ਦੋ ਕੁ ਵਰ੍ਹਿਆਂ ਬਾਅਦ ਉਨ੍ਹਾਂ ਦੇ ਘਰ ਇੱਕ ਬੱਚਾ ਹੋ ਜਾਂਦਾ ਹੈ। ਫਿਰ ਉਹ ਹਨੀਮੂਨ ਮਨਾਉਣ ਲਈ ਕਸ਼ਮੀਰ ਜਾਂਦੇ ਹਨ। ਉਹ ਆਪਣੇ ਜੀਵਨ ਦੀ ਵਾਸਤਵਿਤ ਹਕੀਕਤ ਨੂੰ ਹਰ ਤਰ੍ਹਾਂ ਭੁੱਲਣ ਦੀ ਕੋਸ਼ਿਸ਼ ਕਰਦੇ ਹਨ ਪਰ ਉਨ੍ਹਾਂ

ਨੂੰ ਉਸ ਬੱਚੇ ਦੀ ਯਾਦ ਸਤਾਉਂਦੀ ਰਹਿੰਦੀ ਹੈ ਜਿਹੜਾ ਉਹ ਪਿੱਛੇ ਘਰ ਛੱਡ ਆਏ ਹਨ। ਇਸ ਨਾਲ ਉਨ੍ਹਾਂ ਦੋਹਾਂ ਦਾ ਸਾਰਾ ਮਜ਼ਾ ਕਿਰਕਿਰਾ ਹੋ ਜਾਂਦਾ ਹੈ ਅਤੇ ਉਹ ਖਿੱਝ ਕੇ ਇਕ ਦੂਜੇ ਨੂੰ ਕੋਸਦੇ ਵੀ ਹਨ ਤੇ ਵਿਅੰਗ ਵੀ ਕੱਸਦੇ ਹਨ। ਇਥੋਂ ਤੱਕ ਕਿ ਕਈ ਵਾਰ ਬਹਿਸ ਵਿੱਚ ਉਹ ਏਨਾ ਉਲਝ ਜਾਂਦੇ ਹਨ ਕਿ ਇਕ ਦੂਜੇ ਨਾਲ ਲੜਨ ਝਗੜਨ ਤੇ ਵੀ ਗੱਲ ਪੁੱਜ ਜਾਂਦੀ ਹੈ। ਇਸ ਨਾਲ ਮਾਨਸਿਕ ਕਲੇਸ਼ ਵੀ ਵੱਧਦਾ ਹੈ ਅਤੇ ਬੇਸੁਆਦੀ ਵੀ ਪੈਦਾ ਹੁੰਦੀ ਹੈ। ਇੰਜ ਦੋਵੇਂ ਜੀਅ ਅੰਦਰੋਂ ਪੂਰੀ ਤਰ੍ਹਾਂ ਖੋਖਲੇ ਅਤੇ ਟੁੱਟ ਭੱਜ ਚੁੱਕੇ ਹਨ। ਉਨ੍ਹਾਂ ਦੋਹਾਂ ਨੂੰ ਇੱਕ ਹੋਰ ਮਾਨਸਿਕ ਸੱਟ ਉਸ ਵੇਲੇ ਵੱਜਦੀ ਹੈ ਜਦੋਂ ਉਨ੍ਹਾਂ ਦੇ ਬੱਚੇ ਦੇ ਬਿਮਾਰ ਹੋਣ ਦੀ ਤਾਰ ਆ ਜਾਂਦੀ ਹੈ। ਉਹ ਫਟਾ ਫਟ ਤਿਆਰ ਹੁੰਦੇ ਹਨ ਤੇ ਘਰ ਵਾਪਸ ਆਉਣ ਦੀ ਯੋਜਨਾ ਬਣਾਉਂਦੇ ਹਨ। ਹਨੀਮੂਨ ਮਨਾਉਣ ਦਾ ਸਾਰਾ ਚਾਅ ਅੱਧ ਵਿੱਚ ਹੀ ਰਹਿ ਜਾਂਦਾ ਹੈ। ਇਹ ਵਿਸ਼ਾ ਅਜੋਕੇ ਦੰਪਤੀ ਜੋੜਿਆਂ ਉੱਪਰ ਤਿੱਖਾ ਵਿਅੰਗ ਹੈ। ਇਸ ਇਕਾਂਗੀ ਦੇ ਵਿਸ਼ਾ ਵਸਤੂ ਬਾਰੇ ਡਾ. ਰਘਬੀਰ ਸਿੰਘ ਦਾ ਇਹ ਕਥਨ ਵੀ ਵੇਖਣ ਯੋਗ ਹੈ :

ਇਹ ਇਕਾਂਗੀ ਸਾਧਾਰਣ ਮੱਧ ਸ੍ਰੇਣੀ ਪਰਿਵਾਰਾਂ ਦੇ ਦੁਖਾਂਤ ਨੂੰ ਚਿਤਰਦੀ ਹੈ। ਦੋ ਵਰ੍ਹੇ ਪਹਿਲਾਂ ਵਿਆਹਿਆ ਹੋਇਆ ਜੋੜਾ ਪਹਿਲਗਾਮ ਵਿੱਚ ਹਨੀਮੂਨ ਮਨਾਉਣ ਆਇਆ ਹੈ ਕਿਉਂਕਿ ਸ਼ਾਦੀ ਸਮੇਂ ਪਤੀ ਦੀ ਨੌਕਰੀ ਛੁੱਟ ਜਾਣ ਕਾਰਨ ਉਹ ਆ ਨਹੀਂ ਸਕਿਆ ਸੀ। ਆਪਣੇ ਅੱਠਾਂ ਮਹੀਨਿਆਂ ਦੇ ਮੰਟੂ ਨੂੰ ਉਹ ਪਿੱਛੇ ਛੱਡ ਆਇਆ ਹੈ। ਇਹ ਇਕਾਂਗੀ ਆਦਰਸ਼ ਅਤੇ ਯਥਾਰਥ ਦਾ ਟਕਰਾ ਸਿਰਜਦਾ ਹੈ। ਇੱਕ ਬੱਚੇ ਦੇ ਮਾਂ ਪਿਉ ਬਣਕੇ ਦੋ ਵਰ੍ਹੇ ਬਾਦ ਹਨੀਮੂਨ ਲਈ ਆਉਣਾ ਇੱਕ ਆਦਰਸ਼ਕ ਸਥਿਤੀ ਹੈ ਜਿਸ ਨੂੰ ਬਾਰ ਬਾਰ ਮੌਜੂਦਾ ਜੀਵਨ ਦਾ ਯਥਾਰਥ ਤੋੜਦਾ ਹੈ। ਇਸ ਯਥਾਰਥ ਵਿੱਚ ਤੁਰਸ਼ੀਆਂ ਵੀ ਸ਼ਾਮਲ ਹਨ ਅਤੇ ਵਿਆਹ ਤੋਂ ਦੋ ਵਰ੍ਹੇ ਬੀਤਣ ਪਿੱਛੇ ਉਹ ਸਥਿਤੀ ਵੀ ਹੈ ਜਿਸ ਵਿੱਚ ਪਤੀ ਪਤਨੀ ਦੀ ਨੋਕ ਝੋਕ ਅਕਸਰ ਹੁੰਦੀ ਰਹਿੰਦੀ ਹੈ। ਉਹ ਨਿੱਕੀਆਂ ਨਿੱਕੀਆਂ ਗੱਲਾਂ ਪਿੱਛੇ ਆਪਸ ਵਿੱਚ ਖਹਿਬੜਦੇ ਹਨ ਅਤੇ ਬਾਰ ਬਾਰ ਖਰਚ ਹੋ ਰਹੇ ਪੈਸਿਆਂ ਦਾ ਹਿਸਾਬ ਲਾਉਂਦੇ ਰਹਿੰਦੇ ਹਨ। ਹਰ ਪਲ ਉਹ ਜੀਵਨ ਦੇ ਕੌੜੇ ਯਥਾਰਥ ਨੂੰ ਭੁੱਲ ਕੇ ਹਨੀਮੂਨ ਦੇ ਰੁਮਾਂਸ ਅਤੇ ਕਲਪਨਾ ਲੋਕ ਵਿੱਚ ਵਿਚਰਨਾ ਚਾਹੁੰਦੇ ਹਨ ਲੇਕਿਨ ਕੋਈ ਨਾ ਕੋਈ ਘਟਨਾ ਜਾਂ ਵਸਤੂ ਸਥਿਤੀ ਉਸ ਵਾਤਾਵਰਨ ਨੂੰ ਤੋੜ ਦਿੰਦੀ ਹੈ। ਇਕਾਂਗੀ ਦਾ ਸਿਖਰ ਉਦੋਂ ਵਾਪਰਦਾ ਹੈ ਜਦੋਂ ਪਿਛੋਂ ਤਾਰ ਆ ਜਾਂਦੀ ਹੈ ਕਿ ਉਨ੍ਹਾਂ ਦਾ ਬੱਚਾ ਬਿਮਾਰ ਹੈ। ਉਹ ਵਾਪਸੀ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ। ਕਿਉਂਕਿ ਬੱਚਾ ਯਥਾਰਥ ਹੈ ਅਤੇ 'ਹਨੀਮੂਨ' ਕਲਪਨਾ। ਹੋਟਲ ਦੇ ਜਮਾਂਦਾਰ ਦੇ ਪੁੱਛਣ ਤੇ ਉਹ ਅਗਲੇ ਸਾਲ 'ਹਨੀਮੂਨ' ਤੇ ਆਉਣ ਲਈ ਕਹਿੰਦੇ ਹਨ ਤਾਂ ਜਮਾਂਦਾਰ ਕਹਿੰਦਾ ਹੈ 'ਇਸੀ ਸਾਲ ਮਨਾ ਡਾਲੋ ਸਾਹਿਬ'। ਅਗਲੇ ਸਾਲ ਯੇਹ ਕਮਰਾ ਚਾਲੀ ਰੁਪਏ ਮੇਂ ਭੀ ਨਹੀਂ ਮਿਲੇਗਾ। ਇਹ ਸੰਵਾਦ ਉਨ੍ਹਾਂ ਦੀ ਮਾੜੀ ਆਰਥਿਕ ਸਥਿਤੀ ਤੇ ਤਿੱਖਾ ਵਿਅੰਗ ਕਰਦਾ ਹੈ। ਇਉਂ ਇਹ ਇਕਾਂਗੀ ਮੱਧ ਸ੍ਰੇਣੀ ਦੇ ਜੀਵਨ ਦਾ ਯਥਾਰਥ ਚਿੱਤਰ ਪੇਸ਼ ਕਰਦਾ ਹੈ।

**ਗੋਂਦ**

ਇਸ ਇਕਾਂਗੀ ਦੀਆਂ ਮੁੱਖ ਘਟਨਾਵਾਂ ਪਹਿਲਗਾਮ ਦੇ ਇੱਕ ਹੋਟਲ ਵਿੱਚ ਵਾਪਰਦੀਆਂ ਹਨ। ਇਹ ਘਟਨਾ ਮੱਧ ਸ਼ਰੇਣੀ ਦੇ ਇਕ ਛੋਟੇ ਪਰਿਵਾਰਕ ਜੀਵਨ ਨਾਲ ਸੰਬੰਧਿਤ ਹੈ। ਸੁਨੀਤਾ ਅਤੇ ਪ੍ਰਕਾਸ਼ ਹਨੀਮੂਨ ਮਨਾਉਣ ਦੇ ਚਾਹਵਾਨ ਹਨ। ਉਹ ਦੋਵੇਂ ਹੋਟਲ ਦੇ ਮੈਨੇਜਰ ਅਤੇ ਕੁਲੀ ਨਾਲ ਹੋਟਲ ਵਿਚ ਪ੍ਰਵੇਸ਼ ਕਰਦੇ ਹਨ। ਪ੍ਰਕਾਸ਼ ਦੀ ਪੈਸਿਆਂ ਪਿੱਛੇ ਕੁਲੀ ਨਾਲ ਬਹਿਸ ਹੋ ਜਾਂਦੀ ਹੈ। ਸੁਨੀਤਾ ਆਪਣੇ ਪੁੱਤਰ ਨੂੰ ਵਾਰ ਵਾਰ ਯਾਦ ਕਰਦੀ ਹੈ ਤੇ ਉਹ ਆਪਣੇ ਪਤੀ ਨਾਲ ਗੱਲ ਗੱਲ ਤੇ ਝਗੜਦੀ ਅਤੇ ਖਿੱਝਦੀ ਹੈ। ਥਰਮਸ ਦਾ ਸ਼ੀਸ਼ਾ ਟੁੱਟਦਾ ਹੈ ਤੇ ਦੋਹਾਂ ਦੀ ਬਹਿਸ ਇਸ ਗੱਲ ਤੇ ਸ਼ੁਰੂ ਹੋ ਜਾਂਦੀ ਹੈ। ਉਹ ਜੀਵਨ ਦੇ ਕੌੜੇ ਯਥਾਰਥ ਨੂੰ ਭੁੱਲਕੇ ਕਾਲਪਨਿਕ ਸੰਸਾਰ ਵਿੱਚ ਵਿਚਰਨ ਦੀ ਨਾਕਾਮ ਕੋਸ਼ਿਸ਼ ਕਰਦੇ ਹਨ। ਏਨੀ ਦੇਰ ਉਨ੍ਹਾਂ ਕੋਲ ਮੰਟੂ ਦੇ ਸਖ਼ਤ ਬੀਮਾਰ ਹੋਣ ਦੀ ਖਬਰ ਪੁੱਜ ਜਾਂਦੀ ਹੈ ਤਾਂ ਉਹ ਇਕ ਦਮ ਤਿਆਰ ਹੋ ਕੇ ਵਾਪਸ ਮੁੜ ਆਉਂਦੇ ਹਨ। ਇਹ ਸਾਰੀਆਂ ਘਟਨਾਵਾਂ ਯਥਾਰਥਕ ਅਤੇ ਕੁਦਰਤੀ ਹਨ ਜਿਹੜੀਆਂ ਦਰਸ਼ਕਾਂ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਇਸ ਇਕਾਂਗੀ ਵਿੱਚ ਅਤਿ ਦੀ ਰੋਚਿਕਤਾ ਅਤੇ ਉਤਸੁਕਤਾ ਹੈ। ਇਸ ਇਕਾਂਗੀ ਵਿਚ ਸਮੇਂ ਸਥਾਨ ਅਤੇ ਕਾਰਜ ਦੀ ਵੀ ਏਕਤਾ ਪੂਰੀ ਤਰ੍ਹਾਂ ਕਾਇਮ ਰੱਖੀ ਗਈ ਹੈ। ਇਸ ਇਕਾਂਗੀ ਵਿੱਚ ਅਤਿ ਦੀ ਰੌਚਿਕਤਾ ਅਤੇ ਉਤਸੁਕਤਾ ਹੈ। ਇਸ ਇਕਾਂਗੀ ਵਿੱਚ ਸਥਿਤੀ ਦੀ ਤੀਬਰਤਾ ਅਤੇ ਤੀਖਣਤਾ ਹੈ। ਇਕਾਂਗੀਕਾਰ ਕੁਝ ਵੀ ਲੁਕਾ ਕੇ ਨਹੀਂ ਰੱਖਦਾ। ਇਸ ਤੀਬਰਤਾ ਅਤੇ ਤੀਖਣਤਾ ਕਾਰਨ ਇਕਾਂਗੀ ਦੇ ਅੰਤ ਤੱਕ ਦਿਲਚਸਪੀ ਬਣੀ ਰਹਿੰਦੀ ਹੈ।

**ਪਾਤਰ ਉਸਾਰੀ**

ਇਸ ਇਕਾਂਗੀ ਦੀ ਪਾਤਰ ਉਸਾਰੀ ਦਾ ਸਭ ਤੋਂ ਵੱਡਾ ਗੁਣ ਪਾਤਰਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਹੈ।

ਇਕਾਂਗੀਕਾਰ ਪਾਤਰਾਂ ਦੀ ਅੰਦਰਲੀ ਕਸ਼ਮਕਸ਼ ਨੂੰ ਪੂਰੀ ਸਫਲਤਾ ਨਾਲ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਪਾਤਰ ਚਿਤਰਨ ਦੇ ਮਨੋਵਿਗਿਆਨਕ ਪੱਧਰ ਨੇ ਇਕਾਂਗੀਕਾਰ ਨੂੰ ਇਸ ਕਾਲ ਵਿੱਚ ਆਪਣੇ ਵੱਲ ਆਕਰਸ਼ਿਤ ਕੀਤਾ ਹੈ। ਇਸ ਕਰਕੇ ਉਹ ਪਾਤਰਾਂ ਦੇ ਸਿਰਫ਼ ਬਾਰੀ ਯਥਾਰਥ ਨੂੰ ਹੀ ਨਹੀਂ ਸਗੋਂ ਅੰਦਰਲੇ ਯਥਾਰਥ ਨੂੰ ਵੀ ਚਿਤਰਦੇ ਹਨ। ਪਾਤਰ ਉਸਾਰੀ ਲਈ ਕਲਪਨਾ ਦੀ ਵਰਤੋਂ ਵੀ ਇਸ ਇਕਾਂਗੀ ਦੀ ਇਕ ਹੋਰ ਜੁਗਤ ਹੈ। ਇਸ ਇਕਾਂਗੀਕਾਰ ਨੇ ਪਾਤਰ ਚਿਤਰਨ ਦੀਆਂ ਅਨੇਕ ਵਿਧੀਆਂ ਵਰਤੀਆਂ ਹਨ ਜਿਵੇਂ ਪਾਤਰਾਂ ਦੀ ਪਰਸਪਰ ਵਾਰਤਾਲਾਪ ਰਾਹੀਂ ਕੀਤੀ ਗਈ ਪਾਤਰ ਉਸਾਰੀ ਇਸ ਪ੍ਰਕਾਰ ਹੈ :

ਪ੍ਰਕਾਸ਼ : ਮੈਂ ਸਾਰੀ ਰਾਤ ਸੋਚਦਾ ਰਿਹਾ ਕਿ ਸੱਤਰ ਰੁਪਏ ਇੱਕ ਰਾਤ ਦਾ ਕਿਰਾਇਆ ? ਮੈਨੂੰ ਤਾਂ ਨੀਂਦ ਵੀ ਨਾ ਆਈ। ਪਰ ਸੱਚਮੁੱਚ ਜੇ ਵਿਆਹ ਪਿਛੋਂ ਜਲਦੀ ਹੀ ਆਇਆ ਹੁੰਦਾ ਤਾਂ ਕਦੀ ਨਾ ਸੋਚਦਾ।

ਸੁਨੀਤਾ : ਚਲੋ ਛੱਡੋ, ਮਾਰੋ ਗੋਲੀ ਹੋਟਲ ਨੂੰ। ਆਉ ਚਲੀਏ ਉਸ ਬਰਫ ਵੱਲ।

ਪ੍ਰਕਾਸ਼ : (ਰੁੱਖ ਬਦਲਕੇ) ਨਹੀਂ ਡਾਰਲਿੰਗ, ਉਹ ਜਗ੍ਹਾਂ ਬਹੁਤ ਦੂਰ ਐ। ਨਾਲੇ ਅੱਜ ਆਪਾਂ ਮੈਂਟਲੀ ਅਪਸੈਟ ਹਾਂ। ਏਥੇ ਹੀ ਹਨੀਮੂਨ ਮਨਾਵਾਂਗੇ।

ਇਕਾਂਗੀਕਾਰ ਨੇ ਪਾਤਰ ਉਸਾਰੀ ਕਰਨ ਲਈ ਪਾਤਰਾਂ ਦੀ ਆਪਸੀ ਵਾਰਤਾਲਾਪ ਅਤੇ ਪਾਤਰਾਂ ਦੇ ਕਾਰਜਾਂ ਤੋਂ ਇੰਜ ਕੰਮ ਲਿਆ ਹੈ :-

ਪ੍ਰਕਾਸ਼ : ਕਿੰਨੇ ਬੇਲਿਹਾਜ਼ ਲੋਕ ਨੇ।

ਸੁਨੀਤਾ : ਪਰ ਤੁਹਾਡੀ ਵੀ ਤਾਂ ਇਹ ਬੜੀ ਮਾੜੀ ਆਦਤ ਐ।

ਸੁਨੀਤਾ : ਸੌ ਵਾਰੀ ਆਖਿਆ ਏ ਤੁਸੀਂ ਪੈਸੇ ਨਿਬੇੜ ਕੇ ਤੁਰਿਆ ਕਰੋ।

ਇਸ ਤਰ੍ਹਾਂ ਇਕਾਂਗੀਕਾਰ ਨੇ ਦਰਸ਼ਕਾਂ ਦੇ ਸਾਹਮਣੇ ਪਾਤਰਾਂ ਦੇ ਸੁਭਾਅ, ਆਦਤਾਂ ਤੇ ਉਹਨਾਂ ਦੀ ਸੋਚ ਪੇਸ਼ ਕੀਤੀ ਹੈ।

**ਵਾਤਾਵਰਨ :**

ਡਾ. ਆਤਮਜੀਤ ਇਕ ਬਹੁਤ ਸੁਲਝਿਆ ਹੋਇਆ ਇਕਾਂਗੀਕਾਰ ਹੈ। ਜਿਸਨੇ ਦਰਸ਼ਕਾਂ ਸਾਹਮਣੇ ਪਹਿਲਗਾਮ ਦਾ ਸੁੰਦਰ ਵਾਤਾਵਰਨ ਖੂਬਸੂਰਤੀ ਨਾਲ ਚਿੱਤਰ ਕੇ ਰੱਖ ਦਿੱਤਾ ਹੈ। ਉੱਚੀਆਂ ਉੱਚੀਆਂ ਪਹਾੜੀਆਂ ਤੇ ਪਈ ਬਰਫ, ਬੱਦਲ ਹੂ-ਬ-ਹੂ ਦਿੱਸਦੇ ਹਨ। ਇਹ ਸਾਰਾ ਵਾਤਾਵਰਨ ਕੁਦਰਤੀ ਜਾਪਦਾ ਹੈ। ਇਹ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਦਾ ਹੈ।

**ਵਾਰਤਾਲਾਪ**

ਇਸ ਇਕਾਂਗੀ ਦੀ ਵਾਰਤਾਲਾਪ ਬਹੁਤ ਹੀ ਤਿੱਖੀ ਅਤੇ ਸੰਜਮ ਭਰਪੂਰ ਹੈ। ਇਸ ਵਿਚ ਵਿਅੰਗ ਵੀ ਹੈ, ਅਤੇ ਬਹਿਸ ਵੀ। ਇਹ ਵਾਰਤਾਲਾਪ ਬਹੁਤ ਸ਼ਕਤੀਸ਼ਾਲੀ ਵੀ ਹੈ ਅਤੇ ਅਮੀਰ ਵੀ। ਇਕਾਂਗੀਕਾਰ ਨੇ ਇਸ ਵਾਰਤਾਲਾਪ ਨੂੰ ਬਹੁ-ਮੰਤਵੀ ਪੂਰਤੀ ਲਈ ਵਰਤਿਆ ਹੈ। ਇਹ ਵਾਰਤਾਲਾਪ ਇਸ ਇਕਾਂਗੀ ਦੀ ਕਹਾਣੀ ਨੂੰ ਹੋਰ ਅੱਗੇ ਤੋਰਦੀ ਹੈ। ਇਹ ਵਾਰਤਾਲਾਪ ਹੀ ਹੈ ਜਿਹੜੀ ਸਾਰੇ ਪਾਤਰਾਂ ਦਾ ਸੁਭਾਅ ਸੂਖਮਤਾ ਅਤੇ ਬਾਰੀਕੀ ਨਾਲ ਚਿਤਰਦੀ ਹੈ। ਇਹ ਵਾਰਤਾਲਾਪ ਪਾਤਰਾਂ ਦੇ ਅੰਦਰ ਲੁੱਕੇ ਹਾਵਾਂ ਭਾਵਾਂ ਨੂੰ ਰੂਪਮਾਨ ਕਰਦੀ ਹੈ ਜਿਵੇਂ :

ਸੁਨੀਤਾ : ਚਲੋ ਫਿਰ ਬਿਸਤਰਾ ਤਾਂ ਖੋਲ ਕੇ ਵਿਛਾਈਏ।

ਪ੍ਰਕਾਸ਼ : ਏਥੇ ਤਾਂ ਬਿਸਤਰੇ ਹੀ ਨਹੀਂ ਹੈਗੇ ਮੰਜਿਆਂ ਤੇ।

ਸੁਨੀਤਾ : ਏਸ ਗੱਲੋਂ ਹੋਟਲ ਹਨੀਮੂਨ ਚੰਗਾ ਸੀ। ਵਾਹਵਾ ਮੌਜ ਸੀ।

ਪ੍ਰਕਾਸ਼ : ਰੁਪਏ ਵੀ ਤਾਂ ਸੱਤਰ ਲੈ ਲਏ। ਫਿਰ ਇੱਕ ਤਾਂ ਰਾਤ ਰਹੇ ਹਾਂ। ਚੰਗਾ ਹੋ ਗਿਆ ਏ ਇਥੇ ਆ ਗਏ। ਵੀਹ ਹੁਪਏ ਵਿਚ ਮਾੜਾ ਨਹੀਂ, ਚਾਰ ਦਿਨ ਚੈਨ ਨਾਲ ਤੇ ਕੱਟਾਂਗੇ।

ਸੁਨੀਤਾ : ਮੈਂ ਕਿਹਾ ਜੀ, ਮੈਨੂੰ ਤਾਂ ਮੰਟੂ ਯਾਦ ਆਉਂਦੈ। ਅੱਜ ਪੂਰੇ ਅੱਠ ਮਹੀਨੇ ਦਾ ਹੋ ਗਿਆ ਏ।

ਪ੍ਰਕਾਸ਼ : ਬੜਾ ਸ਼ਰਾਰਤੀ ਐ।

ਸੁਨੀਤਾ : ਨਾਲ ਈ ਲੈ ਆਉਂਦੇ ਤਾਂ ਕੀ ਸੀ ?

ਪ੍ਰਕਾਸ਼ : (ਬਿਸਤਰੇ ਨੂੰ ਛੱਡਕੇ) ਫੇਰ ਹੋਈ ਨਾ ਓਹੋ ਗੱਲ ? ਤੁਹਾਡਾ ਜਨਾਨੀਆਂ ਦਾ ਵੀ ਕੁਝ ਪਤਾ ਨਹੀਂ ਲੱਗਦਾ।

ਸੁਨੀਤਾ : ਹਾਇ ਹਾਇ ਮੈਂ ਕੀ ਕਿਹੈ ? ਲਉ ਪੁੱਤਰ ਨੂੰ ਯਾਦ ਕਰਨਾ ਵੀ ਗੁਨਾਹ ਹੋ ਗਿਆ।

**ਰੰਗ ਮੰਚ**

ਜਿਵੇਂ ਕਿ ਅਸੀਂ ਉਪਰ ਕਹਿ ਚੁੱਕੇ ਹਾਂ ਡਾ. ਆਤਮਜੀਤ ਇਕ ਨਿਪੁੰਨ, ਯੋਗ ਅਤੇ ਕਾਬਲ ਨਿਰਦੇਸ਼ਕ ਹੈ। ਉਹ ਖੁਦ ਇਕਾਂਗੀਆਂ ਨੂੰ ਰੰਗ ਮੰਚ ਤੇ ਖੇਡ ਕੇ ਵੇਖਦਾ ਹੈ। ਇਸੇ ਕਰਕੇ ਉਸ ਦੇ ਸਾਰੇ ਇਕਾਂਗੀ ਰੰਗ ਮੰਚ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹਨ। ਹਨੀਮੂਨ ਇਕਾਂਗੀ ਰੰਗ-ਮੰਚ ਦੇ ਪੱਖੋਂ ਬਹੁਤ ਹੀ ਸਫਲ ਹੈ। ਇਸ ਵਿਚਲੀ ਕੋਈ ਘਟਨਾ ਅਤੇ ਇਕ ਵੀ ਦ੍ਰਿਸ਼ ਅਜਿਹਾ ਨਹੀਂ ਜਿਸ ਨੂੰ ਰੰਗ ਮੰਚ ਤੇ ਸਫਲਤਾ ਨਾਲ ਖੇਡਿਆ ਨਹੀਂ ਜਾ ਸਕਦਾ। ਇਕਾਂਗੀਕਾਰ ਅਜਿਹੇ ਇਕਾਂਗੀਆਂ ਨੂੰ ਖੇਡਣ ਲਈ ਵਿਸਤਰਿਤ ਮੰਚ ਨਿਰਦੇਸ਼ ਵੀ ਦੇ ਦਿੰਦਾ ਹੈ। ਇਸ ਪੱਖੋਂ ਇਕਾਂਗੀਕਾਰ ਦੀ ਸੂਝ ਤੇ ਚੇਤਨਤਾ ਦੀ ਦਾਦ ਦੇਣੀ ਚਾਹੀਦੀ ਹੈ। ਉਹ ਨਿੱਕੀ ਤੋਂ ਨਿੱਕੀ ਗੱਲ ਵੀ ਸਮਝਾ ਦਿੰਦਾ ਹੈ। ਉਸਨੇ ਕੋਈ ਵੀ ਇਕਾਂਗੀ ਮੰਚ ਨਿਰਦੇਸ਼ਨ ਦੀ ਲਾਪਰਵਾਹੀ ਅਤੇ ਗੈਰ ਜ਼ਿੰਮੇਦਾਰਨਾ ਅੰਦਾਜ਼ ਵਿਚ ਨਹੀਂ ਲਿਖਿਆ। ਰੰਗ-ਮੰਚ ਵੱਲ ਉਸਨੇ ਵਿਸ਼ੇਸ਼ ਧਿਆਨ ਦਿੱਤਾ ਹੈ। ਇਸ ਕਰਕੇ 'ਹਨੀਮੂਨ' ਇਕਾਂਗੀ ਨੂੰ ਰੰਗ ਮੰਚ ਤੇ ਖੇਡਣ ਲਗਿਆਂ ਕੋਈ ਵੀ ਦਿੱਕਤ ਪੇਸ਼ ਨਹੀਂ ਆਉਂਦੀ।

**ਸਿਰਲੇਖ**

ਇਕਾਂਗੀਕਾਰ ਨੇ ਇਸ ਇਕਾਂਗੀ ਦਾ ਸਿਰਲੇਖ ਬਹੁਤ ਹੀ ਢੁੱਕਵਾਂ ਰੱਖਿਆ ਹੈ ਕਿਉਂਕਿ ਸਾਰੀ ਇਕਾਂਗੀ ਵਿਚ ਹਨੀਮੂਨ ਦੀਆਂ ਗੱਲਾਂ ਹੀ ਹੁੰਦੀਆਂ ਹਨ। ਦੰਪਤੀ ਜੋੜੇ ਨੂੰ ਮਨਾਉਣ ਦਾ ਚਾਅ ਹੈ, ਪਰ ਉਨ੍ਹਾਂ ਦਾ ਹਨੀਮੂਨ ਮਿੱਟੀ ਵਿੱਚ ਮਿਲ ਜਾਂਦਾ ਹੈ। ਜਦੋਂ ਉਨ੍ਹਾਂ ਦੇ ਬੇਟੇ ਮੰਟੂ ਦੀ ਬਿਮਾਰ ਹੋਣ ਦੀ ਖਬਰ ਆਉਂਦੀ ਹੈ। ਉਹ ਹਨੀਮੂਨ ਅੱਧ ਵਿਚਕਾਰ ਛੱਡ ਕੇ ਵਾਪਸ ਭੱਜ ਪੈਂਦੇ ਹਨ ਤਾਂ ਕਿ ਉਹ ਆਪਣੇ ਇਕਲੌਤੇ ਬੇਟੇ ਦੀ ਖਬਰ ਲੈ ਸਕਣ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਸ ਇਕਾਂਗੀ ਦੀਆਂ ਲਗਭਗ ਸਾਰੀਆਂ ਘਟਨਾਵਾਂ ਪਤੀ-ਪਤਨੀ ਦੇ ਹਨੀਮੂਨ ਮਨਾਉਣ ਦੇ ਯਤਨਾਂ ਨਾਲ ਸੰਬੰਧਤ ਹਨ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਇਹ ਇਕਾਂਗੀ ਸਾਹਿਤਕ ਗੁਣਾਂ ਨਾਲ ਭਰਪੂਰ ਹੈ।

## ''ਮੁਰਦੇ ਦਾ ਰਾਸ਼ਨ'' ਇਕਾਂਗੀ ਦੀ ਸਾਹਿਤਕ ਪਰਖ

ਇਹ ਗੁਰਦਿਆਲ ਸਿੰਘ ਖੋਸਲਾ ਦਾ ਪ੍ਰਸਿੱਧ ਇਕਾਂਗੀ ਹੈ। ਇਸ ਦਾ ਵਿਸ਼ਾ ਕਿਉਂਕਿ ਮਨੁੱਖੀ ਕਮਜ਼ੋਰੀਆਂ ਹਨ ਜਿਵੇਂ ਲਾਲਚ, ਹੇਰਾਫੇਰੀ, ਸਰਕਾਰੀ ਹਿਸਾਬ ਕਿਤਾਬ ਵਿਚ ਗੜਬੜ, ਪਰਿਵਾਰਕ ਸਬੰਧਾਂ, ਰਿਸ਼ਤਿਆਂ ਨੂੰ ਆਰਥਿਕ ਨੁਕਤੇ ਤੋਂ ਵੇਖਣਾ, ਸ਼ਰੀਕਾਬਾਜ਼ੀ ਦੀ ਭਾਵਨਾ, ਸਮਾਜਿਕ ਰਸਮਾਂ ਨੂੰ ਪੁਗਾਉਣ ਦੀ ਮਜ਼ਬੂਰੀ ਬਦਲੇ ਕੁੜ੍ਹਨਾ, ਨੱਕ ਨਮੂਜ ਰੱਖਣਾ, ਇਸ ਲਈ ਅੱਜ ਦੇ ਹਾਲਾਤ ਵਿਚ ਵੀ ਇਸ ਦੀ ਪਹਿਲਾਂ ਜਿੰਨੀ ਹੀ ਸਾਰਥਿਕਤਾ ਬਰਕਰਾਰ ਹੈ। ਇਸ ਇਕਾਂਗੀ ਵਿਚਲੀਆਂ ਲਗਭਗ ਸਾਰੀਆਂ ਹੀ ਸਮੱਸਿਆਵਾਂ ਵਰਤਮਾਨ ਦੌਰ ਦੇ ਹਾਣ ਦੀਆਂ ਹੋਣ ਕਰਕੇ ਵਰਤਮਾਨ ਯਥਾਰਥ ਦੀ ਗਵਾਹੀ ਭਰਦੀਆਂ ਹਨ।

**ਵਿਸ਼ਾ :–** ਇਸ ਇਕਾਂਗੀ 'ਮੁਰਦੇ ਦਾ ਰਾਸ਼ਨ' ਦਾ ਵਿਸ਼ਾ ਸ਼ਹਿਰੀ ਦੁਕਾਨਦਾਰ ਸ਼ਰੇਣੀ ਦੀ ਮਨੋ-ਅਵਸਥਾ ਦੀ ਪੇਸ਼ਕਾਰੀ ਕਰਦਾ ਹੈ। ਇਹ ਨਿਮਨ ਮੱਧ ਸ਼ਰੇਣੀ ਦੀ ਜੀਵਨ ਜਾਂਚ, ਲਾਲਚ, ਸੁਆਰਥ ਦੇ ਪਾਜ ਉਘਾੜਦਾ ਹੈ। ਇਸ ਇਕਾਂਗੀ ਵਿੱਚ ਪੇਸ਼ ਪਰਿਵਾਰ ਆਰਥਿਕ ਪੱਖ ਤੋਂ ਰੋਜ਼ ਕਮਾਇਆ ਰੋਜ਼ ਖਾਧਾ ਵਾਲੀ ਹਾਲਤ ਵਿਚ ਵਿਚਰ ਰਿਹਾ ਹੈ। ਪਰਿਵਾਰ ਦਾ ਮੁੱਖੀ ਨਰਾਇਣ ਦਾਸ ਸਰਕਾਰੀ ਡੀਪੂ ਚਲਾਉਂਦਾ ਹੈ। ਰਾਸ਼ਨ ਕਾਰਡ ਤੇ ਮਿਲਣ ਵਾਲਾ ਇਸ ਪਰਿਵਾਰ ਦਾ ਰਾਸ਼ਨ ਸਮਾਂ ਪੁਗਣ ਤੋਂ ਪਹਿਲਾਂ ਹੀ ਮੁਕ ਜਾਂਦਾ ਹੈ। ਫਿਰ ਉਹ ਲੱਗਦੀ ਵਾਹ ਥੋੜ੍ਹੀ ਬਾਹਲੀ ਹੇਰਾਫੇਰੀ ਵੀ ਕਰਦਾ ਹੈ ਤੇ ਆਟਾ, ਚਾਵਲ, ਚੀਨੀ ਘਰ ਲੈ ਆਉਂਦਾ ਹੈ, ਜਿਵੇਂ ਪਤਨੀ ਦਿਉਕੀ ਦੇ ਕਹਿਣ ਤੇ ਖੰਡ ਦੀ ਫੜੀ ਆਉਣਾ ਦੇ ਜੁਆਬ ਵਿਚ ਨਰਾਇਣ ਕਹਿੰਦਾ ਹੈ ; ''ਅਜੇ ਪਰਸੋਂ ਤੇ ਸੇਰ ਖੰਡ ਭੇਜੀ ਸੀ।'' ਉਹ ਅੱਗ ਬਾਲਣ ਤੋਂ ਵੀ ਡਰਦੇ ਹਨ ਕਿ ਬਾਲਣ ਨਾ ਮੁਕ ਜਾਵੇ।

ਸਮੱਸਿਆ ਇਥੋਂ ਸ਼ੁਰੂ ਹੁੰਦੀ ਹੈ ਕਿ ਦਰੋਗੇ ਨੇ ਡੀਪੂ ਦੀ ਚੈਕਿੰਗ ਕਰਨ ਆਉਣਾ ਹੈ, ਜਿਸ ਵਾਸਤੇ ਨਰਾਇਣ ਨਹਾ ਧੋ ਕੇ ਚੰਗੇ ਕਪੜੇ ਪਾ ਕੇ ਡੀਪੂ ਤੇ ਜਾਣ ਲਈ ਤਿਆਰ ਹੈ। ਚਾਹ ਤਿਆਰ ਹੋਣ ਤਕ ਦਿਉਕੀ ਉਸ ਨੂੰ ਡੀਪੂ ਦਾ ਹਿਸਾਬ ਕਿਤਾਬ ਚੈੱਕ ਕਰਨ ਲਈ ਕਹਿੰਦੀ ਹੈ। ਉਹ ਰਜਿਸਟਰ ਪੂਰਾ ਕਰਨ ਲਗਦਾ ਹੈ, ਦਿਉਕੀ ਉਪਰ ਚੁਬਾਰੇ ਵਿਚ ਸੁੱਤੇ ਪਏ ਲਾਲਾ ਜੀ ਵਾਸਤੇ ਚਾਹ ਲੈ ਕੇ ਜਾਂਦੀ ਹੈ। ਲਾਲੇ ਨੂੰ ਆਮ ਨਾਲੋਂ ਵੱਧ ਬੇਸੁਰਤ ਸੁੱਤਿਆਂ ਦੇਖ ਕੇ ਉਹ ਨਰਾਇਣ ਨੂੰ ਦਸਦੀ ਹੈ ਕਿ ਸ਼ਾਇਦ ਲਾਲੇ ਦਾ ਕੰਮ ਤਮਾਮ ਹੋ ਗਿਆ ਹੈ। ਨਾਰਾਇਣ ਕਹਾਲੀ ਨਾਲ ਉਪਰ ਜਾਂਦਾ ਹੈ ਤੇ ਲਾਲੇ ਨੂੰ ਮਰ ਗਿਆ ਸਮਝ ਕੇ ਰੋਣ ਲਗ ਪੈਂਦਾ ਹੈ।

ਦੋਵੇਂ ਪਤੀ ਪਤਨੀ ਲਾਲੇ ਦੇ ਅੰਤਮ ਕਿਰਿਆ ਕਰਨ ਸਮੇਂ ਹੋਣ ਵਾਲੇ ਖਰਚ ਬਾਰੇ ਫਿਕਰ ਕਰਦੇ ਹਨ। ਕੋਲ ਰੁਪਏ ਨਾ ਹੋਣ ਕਰਕੇ ਲਾਲਾ ਜੀ ਦੀ ਸੰਦੂਕੜੀ ਖੋਲ੍ਹਦੇ ਹਨ, ਵਿਚੋਂ 76 ਰੁਪਏ, ਇਕ ਐਨਕ, ਇਕ ਹੌਲਦਾਰੀ ਅਤੇ ਕਾਗਜ਼ਾਂ ਵਿਚੋਂ ਰਾਸ਼ਨ ਕਾਰਡ ਨਿਕਲਦਾ ਹੈ। ਰਾਸ਼ਨ ਕਾਰਡ ਵੇਖ ਕੇ ਨਾਰਾਇਣ ਕਹਿੰਦਾ ਹੈ ਕਿ ਜੇਕਰ ਲਾਲਾ ਜੀ ਹੋਰ ਦੋ ਘੰਟੇ ਜਿਉਂਦੇ ਰਹਿੰਦੇ ਤਾਂ ਉਹਨਾਂ ਦਾ ਇਸ ਹਫਤੇ ਦਾ ਰਾਸ਼ਨ ਵੀ ਆ ਜਾਣਾ ਸੀ। ਪਤਨੀ ਕਹਿੰਦੀ ਹੈ, ਅਜੇ ਕਿਹੜਾ ਕਿਸੇ ਨੂੰ ਪਤਾ ਲੱਗਾ ਹੈ। ਨਾਰਾਇਣ ਡੀਪੂ ਤੋਂ ਰਾਸ਼ਨ ਲੈਣ ਜਾਂਦਾ ਹੈ ਤੇ ਦਿਉਕੀ ਨੂੰ ਸੰਦੂਕੜੀ ਉਸੇ ਤਰ੍ਹਾਂ ਬੰਦ ਕਰਕੇ ਉਪਰ ਰਖ ਆਉਣ ਲਈ ਕਹਿੰਦਾ ਹੈ।

ਨਰਾਇਣ ਦਾ ਛੋਟਾ ਭਰਾ ਰਾਜ ਆਉਂਦਾ ਹੈ। ਲਾਲਾ ਜੀ ਦੀ ਮੌਤ ਬਾਰੇ ਉਸ ਨੂੰ ਦੱਸਿਆ ਜਾਂਦਾ ਹੈ ਤਾਂ ਉਹ ਵੀ ਸੰਦੂਕੜੀ ਵਲ ਭਜਦਾ ਹੈ ਪਰ ਦਿਉਕੀ ਸਮਝਾ ਕੇ ਰੋਕ ਲੈਂਦੀ ਹੈ। ਨਾਰਾਇਣ ਰਾਸ਼ਨ ਲਿਆਉਂਦਾ ਹੈ ਤੇ ਰਾਜ ਨੂੰ ਮਿਲਦਾ ਹੈ। ਰਾਜ ਨੇ ਅਖ਼ਬਾਰ ਵਿਚ ਖਬਰ ਪੜ੍ਹੀ ਹੈ ਕਿ ਵਿਆਹ ਜਾਂ ਮੌਤ ਸਮੇਂ ਪੰਜਾਹ ਬੰਦਿਆਂ ਦਾ ਰਾਸ਼ਨ ਡੀਪੂ ਤੋਂ ਮਿਲ ਸਕਦਾ ਹੈ। ਇਸ ਲਈ ਉਹ ਲਾਲਾ ਜੀ ਦਾ ਕਾਰਡ ਲੈ ਕੇ ਡੀਪੂ ਵਲ ਭਜ ਤੁਰਦਾ ਹੈ। ਮਗਰੋਂ ਨਰਾਇਣ ਵੀ ਜਾਣ ਸਕਦਾ ਹੈ ਕਿ ਅੰਦਰ ਆ ਰਹੇ ਦਰੋਗੇ ਨਾਲ ਟਕਰਾ ਜਾਂਦਾ ਹੈ। ਦਰੋਗਾ ਲਾਲਾ ਜੀ ਦੀ ਮੌਤ ਦਾ ਅਫਸੋਸ ਕਰਦਾ ਹੈ। ਦਰੋਗਾ ਜਾਣ ਲਈ ਮੁੜਦਾ ਹੈ ਕਿ ਰਾਜ ਰਾਸ਼ਨ ਦੀ ਪੰਡ ਚੁੱਕੀ ਆਉਂਦਾ ਵਿਚ ਵੱਜਦਾ ਹੈ। ਦਰੋਗੇ ਨੂੰ ਸ਼ੱਕ ਪੈ ਜਾਂਦਾ

ਹੈ ਤੇ ਉਹ ਪੁਛ ਤਾਛ ਸ਼ੁਰੂ ਕਰ ਦਿੰਦਾ ਹੈ। ਨਾਰਾਇਣ ਪੈਰੀਂ ਪੈ ਕੇ ਖਹਿੜਾ ਛੁਡਾਉਂਦਾ ਹੈ। ਏਨੇ ਨੂੰ ਉਪਰੋਂ ਲਾਲਾ ਪੌੜੀਆਂ ਉਤਰਦਾ ਆਉਂਦਾ ਦਿਉਕੀ ਨੂੰ ਚਾਹ ਗਰਮ ਕਰਨ ਲਈ ਗਲਾਸ ਫੜਾਉਂਦਾ ਹੈ। ਸਾਰਿਆਂ ਨੂੰ ਘਬਰਾਇਆ ਦੇਖ ਲਾਲਾ ਪੁਛਦਾ ਹੈ ''ਏਥੇ ਕਿਸ ਦੀ ਮੌਤ ਹੋ ਗਈ ਏ?'' ਬਾਹਰੋਂ ਨਾਰਾਇਣ ਦੀ ਬਾਲੜੀ ਕ੍ਰਿਸ਼ਨਾ ਖੇਡਦੀ ਆਉਂਦੀ ਹੈ ਤੇ ਲਾਲਾ ਜੀ ਨੂੰ ਖਲੋਤਾ ਵੇਖ ਕੇ ਹੈਰਾਨ ਹੋਈ ਪੁੱਛਦੀ ਹੈ, 'ਲਾਲਾ ਜੀ ਤੁਸੀਂ ਤਾਂ ਮਰ ਗਏ ਸੋ?'

ਇਸ ਤਰ੍ਹਾਂ ਇਸ ਇਕਾਂਗੀ ਦਾ ਵਿਸ਼ਾ ਮਨੁੱਖੀ ਮਜ਼ਬੂਰੀਆਂ ਸੁਆਰਥ, ਕਮੀਨਗੀਆਂ ਨੂੰ ਭਲੀ ਭਾਂਤ ਦਰਸਾਉਣ ਵਿਚ ਕਾਮਯਾਬ ਰਹਿੰਦਾ ਹੈ।

**ਗੋਂਦ**

ਗੋਂਦ ਤੋਂ ਭਾਵ ਇਕਾਂਗੀ ਵਿਚ ਪੇਸ਼ ਕੀਤੀਆਂ ਗਈਆਂ ਘਟਨਾਵਾਂ, ਸਥਿਤੀਆਂ ਦੀ ਬੀੜਤ ਹੈ ਜਿਸ ਨਾਲ ਪਾਠਕ, ਦਰਸ਼ਕ ਤੇ ਵਧ ਤੋਂ ਵੱਧ ਪ੍ਰਭਾਵ ਪੈ ਸਕੇ। ਲੇਖਕ ਜੋ ਦਸਣਾ ਚਾਹੁੰਦਾ ਹੈ ਉਹ ਸਹੀ ਪਾਠਕ, ਦਰਸ਼ਕ ਤੱਕ ਪਹੁੰਚ ਸਕੇ ਅਤੇ ਜੋ ਦਸਿਆ ਜਾ ਰਿਹਾ ਹੈ ਉਹ ਸੱਚ ਵੀ ਜਾਪੇ। ਇਸ ਦੇ ਨਾਲ ਹੀ ਰੋਚਕਤਾ ਵੀ ਬਣੀ ਰਹੇ ਤਾਂ ਕਿ ਪਾਠਕ ਜਾਂ ਦਰਸ਼ਕ ਇਕਾਂਗੀ ਦੇ ਨਾਲ ਜੁੜਿਆ ਵੀ ਰਹਿ ਸਕੇ।

ਗੋਂਦ ਦੇ ਪੱਖ ਤੋਂ ਗੁਰਦਿਆਲ ਸਿੰਘ ਖੋਸਲਾ ਦਾ ਇਹ ਇਕਾਂਗੀ 'ਮੁਰਦੇ ਦਾ ਰਾਸ਼ਨ' ਇਕ ਸਮਰੱਥ ਰਚਨਾ ਹੈ। ਇਕਾਂਗੀ ਵਿਚ ਪੇਸ਼ ਕੀਤੀਆਂ ਸਾਰੀਆਂ ਘਟਨਾਵਾਂ, ਸਥਿਤੀਆਂ ਨੂੰ ਇਸ ਤਰ੍ਹਾਂ ਅੱਗੇ ਪਿੱਛੇ ਕਰਕੇ ਬੰਨ੍ਹਿਆ ਗਿਆ ਹੈ ਕਿ ਇਕ ਤੋਂ ਬਾਅਦ ਦੂਜੀ ਗੁੰਝਲ ਖੁਲ੍ਹਦੀ ਚਲੀ ਜਾਂਦੀ ਹੈ। ਨਾਰਾਇਣ ਪਟਿਆਂ ਨੂੰ ਤੇਲ ਨਾਲ ਲਿਸ਼ਕਾਅ ਰਿਹਾ ਹੈ ਤਾਂ ਦਿਉਕੀ ਕਹਿੰਦੀ ਹੈ-ਕਿਸੇ ਮਾਰ ਤੇ ਹੈ। ਫਿਰ ਉਹ ਦਰੋਗੇ ਦੇ ਆਉਣ ਬਾਰੇ ਦਸਦਾ ਹੈ। ਦਰੋਗੇ ਦੀ ਚਾਹ ਬਾਬਤ ਵਾਰਤਾਲਾਪ ਵਿਚੋਂ ਘਰ ਦੀ ਆਰਥਿਕ ਤੰਗੀ ਬਾਰੇ ਪੂਰੀ ਜਾਣਕਾਰੀ ਮਿਲ ਜਾਂਦੀ ਹੈ। ਨਾਰਾਇਣ ਅਕਲ ਪੱਖੋਂ ਬਹੁਤ ਚੇਤੰਨ ਰਹੀ ਹੈ, ਇਸ ਬਾਰੇ ਉਸ ਵਲੋਂ ਹਿਸਾਬ ਬਰਾਬਰ ਨਾ ਮਿਲਣ ਤੋਂ ਪਤਾ ਲਗ ਜਾਂਦਾ ਹੈ ਤੇ ਸਭ ਤੋਂ ਵੱਧ ਇਸ ਦੀ ਗੁਆਹੀ ਦਿਉਕੀ ਦੇ ਇਸ ਬੋਲ ਤੋਂ ਮਿਲ ਜਾਂਦੀ ਹੈ – 'ਥੋੜ੍ਹਾ ਪੜ੍ਹਿਆ ਖੌਦ ਵੀ ਕੁਝ ਨਾ'।

ਲਾਲੇ ਦੀ ਮੌਤ ਤੋਂ ਬਾਅਦ ਲੋੜਾਂ ਪ੍ਰਤੀ ਟੱਬਰ ਦੀ ਚਿੰਤਾ ਉਹਨਾਂ ਦੀ ਹਾਲਤ ਨੂੰ ਹੋਰ ਵੀ ਸਪੱਸ਼ਟ ਕਰ ਦਿੰਦੀ ਹੈ। ਉਹਨਾਂ ਦੀ ਲਾਲਚੀ ਬਿਰਤੀ ਦਾ ਪ੍ਰਗਟਾਵਾ, ਲਾਲੇ ਦੀ ਸੰਦੂਕੜੀ ਨੂੰ ਲੁੱਟਣ ਅਤੇ ਰਾਸ਼ਨ ਲਿਆਉਣ ਤੋਂ ਲਗ ਜਾਂਦਾ ਹੈ। ਬੇਗੈਰਤ ਹੋਣ ਦੀ ਪੁਸ਼ਟੀ ਇਥੋਂ ਹੁੰਦੀ ਹੈ ਕਿ ਉਹ ਹਰ ਗੱਲ ਤੇ ਦਰੋਗੇ ਦੇ ਪੈਰੀਂ ਪੈਂਦਾ, ਹੱਥ ਜੋੜਦਾ, ਤਰਲੇ ਕਰਦਾ ਹੈ। ਇਸ ਤਰ੍ਹਾਂ ਇਕਾਂਗੀਕਾਰ ਇਸ ਰਚਨਾ ਦੀ ਗੋਂਦ ਨੂੰ ਸਹੀ ਸਿੱਧ ਨਿਭਾਉਣ ਵਿਚ ਕਾਮਯਾਬ ਹੋ ਸਕਿਆ ਹੈ।

**ਪਾਤਰ-ਯੋਜਨਾ :**

'ਮੁਰਦੇ ਦਾ ਰਾਸ਼ਨ' ਇਕਾਂਗੀ ਵਿਚ ਸੱਤ ਪਾਤਰ ਹਨ। ਨਾਰਾਇਣ, ਦਿਉਕੀ, ਰਾਜ, ਦਰੋਗਾ, ਲਾਲਾ ਅਤੇ ਦੋ ਬੱਚੇ ਕ੍ਰਿਸ਼ਨਾ, ਬਿਲੂ। ਨਾਰਾਇਣ ਮੁੱਖ ਪਾਤਰ ਹੈ। ਘਰ ਗ੍ਰਹਿਸਤੀ ਚਲਾਉਣ ਦੀ ਜ਼ਿੰਮੇਵਾਰੀ ਉਸ ਦੇ ਮੋਢਿਆਂ ਤੇ ਹੈ। ਉਹ ਇਕ ਸਰਕਾਰੀ ਡੀਪੂ ਚਲਾਉਂਦਾ ਹੈ। ਘਰ ਦੇ ਜੀਆਂ ਤੇ ਕੰਟਰੋਲ ਵੀ ਹੈ। ਸਭ ਨੂੰ ਥਾਉਂ ਥਾਈਂ ਰੱਖਦਾ ਹੈ। ਕਾਰੋਬਾਰ ਵਧਾਉਣ ਦਾ ਇੱਛਕ ਹੈ, ਇਸ ਕਰਕੇ ਦਰੋਗੇ ਨੂੰ ਖੁਸ਼ ਰਖਣਾ ਚਾਹੁੰਦਾ ਹੈ। ਘਰ ਵਾਲੀ ਨੂੰ ਖੁਸ਼ ਰੱਖਣ ਲਈ ਉਸ ਨੂੰ ਸੋਨੇ ਦਾ ਕੜਾ ਬਣਾ ਕੇ ਦੇਣ ਦਾ ਵਾਅਦਾ ਵੀ ਕਰਦਾ ਹੈ। ਡੀਪੂ ਤੇ ਸੌ ਕਾਰਡ ਹੋਰ ਦਰਜ ਕਰਵਾਉਣ ਲਈ ਹੱਥ ਪੈਰ ਮਾਰਦਾ ਹੈ। ਪਿਉ ਨੂੰ ਸਤਿਕਾਰ ਦਿੰਦਾ ਹੈ ਅਤੇ ਪਿਆਰ ਵੀ ਕਰਦਾ ਹੈ। ਪਿਉ ਦੀ ਮੌਤ ਬਾਰੇ ਸੁਣ ਕੇ ਘਬਰਾ ਜਾਂਦਾ ਹੈ ਅਤੇ ਰੋਣ ਲੱਗ ਪੈਂਦਾ ਹੈ। ਪਤਨੀ ਦੇ ਕਹਿਣ ਤੇ ਲਾਲਾ ਜੀ ਦੀ ਸੰਦੂਕੜੀ ਖੋਲ੍ਹਣ ਲਈ ਚਾਬੀ ਫੜਦਿਆਂ ਉਸਦਾ ਹੱਥ ਵੀ ਕੰਬਦਾ ਹੈ। ਉਹ ਜਾਣਦਾ ਹੈ ਕਿ ਇਹ ਗਲਤ ਕੰਮ ਹੈ ਪਰ ਮਜ਼ਬੂਰੀ ਅਗੇ ਬੇਬਸ ਹੈ। ਦਰੋਗੇ ਵਲੋਂ ਦਬਕਾ ਮਾਰਨ ਤੇ ਪੈਰੀ ਪੈ ਜਾਂਦਾ ਹੈ। ਸਮਾਜ ਬਰਾਦਰੀ ਵਿਚ ਇੱਜ਼ਤ ਬਚੀ ਰਹਿਣ ਲਈ ਵਾਸਤਾ ਪਾਉਂਦਾ ਹੈ।

ਨਾਰਾਇਣ ਦੀ ਪਤਨੀ ਦਿਉਕੀ ਚਲਾਕ, ਹੱਠੀ ਅਤੇ ਰੁਹਬ ਪਾਉਣ ਵਾਲੀ ਔਰਤ ਪਾਤਰ ਹੈ। ਉਹ ਪਤੀ ਨੂੰ ਘਰ ਦੀ ਤੰਗੀ ਬਾਰੇ ਹਰ ਸਮੇਂ ਅਹਿਸਾਸ ਕਰਾਉਂਦੀ ਰਹਿੰਦੀ ਹੈ। ਉਸ ਨੂੰ ਪਤੀ ਦੇ ਘੱਟ ਪੜ੍ਹੇ ਹੋਣ ਦਾ ਅਫਸੋਸ ਵੀ ਹੈ। ਜੋ ਡੀਪੂ ਦੇ ਹਿਸਾਬ ਕਿਤਾਬ ਵਿਚ ਅਣਗਹਿਲੀ ਵਰਤਦਾ ਹੈ। ਸਹੁਰੇ ਪ੍ਰਤੀ ਉਸ ਦਾ ਵਿਹਾਰ ਨਿਰਲੇਪ, ਨਿਰਮੋਹਾ, ਆਮ ਪੰਜਾਬੀ ਨੂੰਹਾਂ ਵਾਲਾ ਹੈ। ਸਹੁਰੇ ਦੀ ਸੰਦੂਕੜੀ ਖੋਲ੍ਹਣ ਦਾ ਸੁਝਾਅ ਵੀ ਉਹ ਹੀ ਦਿੰਦੀ ਹੈ ਤੇ ਸੁੱਤੇ ਪਏ ਸਹੁਰੇ ਦੇ ਸਿਰ੍ਹਾਣੇ ਥਲਿਓਂ ਚਾਬੀ ਵੀ ਆਪ ਹੀ ਕੱਢ ਲਿਆਉਂਦੀ ਹੈ। ਚਲਾਕੀ ਨਾਲ ਆਪਣੇ ਇਸਤਰੀ ਧੰਨ ਵਿਚੋਂ ਪੰਜਾਹ ਰੁਪਏ ਦੇ ਕੇ ਨੱਥ ਤੇ ਕਬਜ਼ਾ ਕਰ ਲੈਂਦੀ ਹੈ।

ਰਾਜ ਗੈਰ-ਜ਼ਿੰਮੇਵਾਰ ਅਵਾਰਾ ਕਿਸਮ ਦਾ ਜਵਾਨ ਹੈ। ਕਈ ਕਈ ਦਿਨ ਘਰ ਨਹੀਂ ਵੜਦਾ। ਕੰਮ ਕਾਰ ਵਿਚ ਹੱਥ ਨਹੀਂ ਵਟਾਉਂਦਾ। ਠੱਗੀ-ਠੋਰੀ ਵਲ ਧਿਆਨ ਰੱਖਦਾ ਹੈ। ਪਿਉ ਦੇ ਮਰਨ ਦੀ ਖਬਰ ਸੁਣ ਕੇ ਦੁਖੀ ਹੋਣ ਦੀ ਥਾਂ ਖੁਸ਼ ਹੁੰਦਾ ਹੈ ਅਤੇ ਸੰਦੂਕੜੀ ਵਿਚੋਂ ਰੁਪਏ ਕੱਢਣ ਲਈ ਦੌੜਦਾ ਹੈ। ਬਿਨਾਂ ਕਾਰਵਾਈ ਪੂਰੀ ਕੀਤਿਆਂ ਡੀਪੂ ਤੋਂ ਪੰਜਾਹ ਬੰਦਿਆਂ ਦਾ ਰਾਸ਼ਨ ਲੈ ਆਉਂਦਾ ਹੈ।

ਦਰੋਗਾ ਸਰਕਾਰੀ ਅਧਿਕਾਰੀ ਹੈ। ਰਿਸ਼ਵਤ ਨਾਲ ਕੰਮ ਕਰਦਾ ਹੈ। ਮੌਕੇ ਮੁਤਾਬਕ ਰੁਹਬ ਵੀ ਪਾ ਲੈਂਦਾ ਹੈ ਤੇ ਨਰਮ ਵੀ ਹੋ ਜਾਂਦਾ ਹੈ। ਲਾਲਾ, ਨਾਰਾਇਣ ਦਾ ਪਿਉ ਹੈ। ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਆਪਣੇ ਬੁਢਾਪੇ ਨੂੰ ਰੇੜ੍ਹ ਦਿੰਦਾ ਹੈ। ਸੰਕੂੜਡੀ ਵਿਚ ਆਪਣੀ ਨਿੱਜੀ ਜਾਇਦਾਦ ਛੁਪਾਈ ਰੱਖਦਾ ਹੈ, ਏਥੋਂ ਤੱਕ ਕਿ ਰਾਸ਼ਨ ਕਾਰਡ ਵੀ। ਤਾਸ਼ ਖੇਡ ਲੈਂਦਾ ਹੈ। ਨੀਂਦ ਨਹੀਂ ਆਉਂਦੀ ਤਾਂ ਦਵਾਈ ਲੈ ਲੈਂਦਾ ਹੈ। ਇੱਕ ਵਾਰ ਕਿਸੇ ਡਾਕਟਰ ਦੀ ਤੇਜ ਦਵਾਈ ਖਾ ਕੇ ਅਜਿਹਾ ਸੌਂਦਾ ਹੈ ਕਿ ਸਵੇਰੇ ਉਸਦਾ ਪਰਿਵਾਰ ਉਸਨੂੰ ਮੁਰਦਾ ਸਮਝ ਕੇ ਕਈ ਕੁਝ ਕਰ ਗੁਜ਼ਰਦਾ ਹੈ।

ਇਸ ਇਕਾਂਗੀ ਦੇ ਸਾਰੇ ਪਾਤਰ ਆਪੋ ਆਪਣੀ ਥਾਂ ਬਿਲਕੁਲ ਸਹੀ ਹਨ। ਹਰ ਇਕ ਚਰਿੱਤਰ, ਕਿਰਦਾਰ, ਘਟਨਾਵਾਂ ਅਤੇ ਸਥਿਤੀਆਂ ਦੇ ਐਨ ਅਨੁਕੂਲ ਹੈ। ਸਹੀ ਪਾਤਰ ਚੋਣ ਅਤੇ ਕਾਰਜ ਕਿਸੇ ਵੀ ਨਾਟਕ ਜਾਂ ਇਕਾਂਗੀ ਦੀ ਜਿੰਦ-ਜਾਨ ਹੁੰਦੇ ਹਨ।

**ਵਾਰਤਾਲਾਪ** :

ਵਾਰਤਾਲਾਪ ਇਕਾਂਗੀ ਦਾ ਅਸਲੀ ਪ੍ਰਗਟਾਉ ਤੱਤ ਹੁੰਦਾ ਹੈ। ਵਾਰਤਾਲਾਪ ਤੇ ਹੀ ਇਕਾਂਗੀ ਦੀ ਕਾਮਯਾਬੀ ਟਿਕੀ ਹੋਈ ਹੁੰਦੀ ਹੈ। ਇਸ ਨਾਲ ਪੇਸ਼ਕਾਰੀ ਦੀ ਗਤੀ ਜੁੜੀ ਹੁੰਦੀ ਹੈ। ਤਿਖੇ ਅਤੇ ਚੁਸਤ ਵਾਰਤਾਲਾਪ ਇਕਾਂਗੀ ਨੂੰ ਗਤੀਸ਼ੀਲ ਬਣਾਉਂਦੇ ਹਨ ਜਦ ਕਿ ਸੁਸਤ ਵਾਰਤਾਲਾਪ ਗਤੀ ਨੂੰ ਧੀਮਾ ਕਰਦੇ ਹਨ। ਵਾਰਤਾਲਾਪ ਹੀ ਇਕਾਂਗੀ ਦੀ ਕਿਸਮ ਨੂੰ ਨਿਰਧਾਰਤ ਕਰਦਾ ਹੈ ਕਿ ਇਹ ਰੁਮਾਂਟਿਕ ਰਚਨਾ ਹੈ, ਬੀਰ ਰਸੀ ਹੈ ਜਾਂ ਕਰੁਣਾਮਈ।

ਇਸ ਇਕਾਂਗੀ 'ਮੁਰਦੇ ਦਾ ਰਾਸ਼ਨ' ਵਿਚਲਾ ਵਾਰਤਾਲਾਪ ਇਕਾਂਗੀ ਦੀ ਲੋੜ ਅਨੁਸਾਰੀ ਸਹੀ ਹੈ। ਨਾਰਾਇਣ ਤੇ ਦਿਉਕੀ ਦਾ ਵਾਰਤਾਲਾਪ ਇਹਨਾਂ ਪਾਤਰਾਂ ਦੀ ਸ਼ਖਸੀਅਤ ਨੂੰ ਉਘਾੜਦਾ ਹੈ ਕਿ ਦਿਉਕੀ, ਨਾਰਾਇਣ ਨਾਲੋਂ ਵਧੇਰੇ ਚੁਸਤ, ਮੌਕਾ ਸੰਭਾਲਣ ਵਾਲੀ ਅਤੇ ਮਤਲਬ ਕੱਢਣ ਵਾਲੀ ਔਰਤ ਹੈ। ਇਸ ਇਕਾਂਗੀ ਦੇ ਸਾਰੇ ਪਾਤਰਾਂ ਦੀ ਆਪਸੀ ਵਾਰਤਾਲਾਪ ਉਹਨਾਂ ਦੀਆਂ ਸੀਮਾਵਾਂ, ਅਧਿਕਾਰਾਂ ਅਤੇ ਸਮਰੱਥਾਵਾਂ ਦੀ ਪੇਸ਼ਕਾਰੀ ਕਰਦੀ ਹੈ।

**ਭਾਸ਼ਾ ਅਤੇ ਸ਼ੈਲੀ** :

ਇਸ ਇਕਾਂਗੀ ਦੀ ਭਾਸ਼ਾ ਮਾਝੇ ਦੀ ਬੋਲੀ ਹੈ। ਮਾਝੇ ਦੇ ਕਿਸੇ ਸ਼ਹਿਰ ਵਿਚ ਵੱਸਦੀ ਹੇਠਲੀ ਮੱਧ ਸ਼੍ਰੇਣੀ ਨਾਲ ਸੰਬੰਧਿਤ ਬਾਣੀਆ ਪਰਿਵਾਰ ਦੀ ਬੋਲੀ ਇਸਦੇ ਪਾਤਰਾਂ ਦੀ ਵਾਰਤਾਲਾਪੀ ਭਾਸ਼ਾ ਹੈ। ਪਾਤਰਾਂ ਦੀ ਭਾਸ਼ਾ ਵਿਚ ਇਲਾਕਾਈ ਉਪ ਬੋਲੀ ਦੀ ਭਰਮਾਰ ਹੈ। ਲੇਖਕ ਦੀ ਭਾਸ਼ਾ ਸ਼ੁੱਧ ਟਕਸਾਲੀ ਪੰਜਾਬੀ ਹੈ ਜੋ ਕਿਸੇ ਵੀ ਸਾਹਿਤਕ ਰਚਨਾ ਵਾਸਤੇ ਜ਼ਰੂਰੀ ਹੁੰਦੀ ਹੈ।

ਲੇਖਕ ਦਾ ਲਿਖਣ ਅੰਦਾਜ਼ ਜਾਂ ਗੱਲ ਕਹਿਣ ਦਾ ਅੰਦਾਜ਼ ਹੀ ਸ਼ੈਲੀ ਕਹਾਉਂਦਾ ਹੈ। ਗੁਰਦਿਆਲ ਸਿੰਘ ਖੋਸਲਾ ਵਲੋਂ ਵਰਤੀ ਭਾਸ਼ਾ ਅਤੇ ਪਾਤਰਾਂ ਕੋਲੋਂ ਬੁਲਵਾਇਆ ਗਿਆ ਵਾਰਤਾਲਾਪ ਲੇਖਕ ਦੀ ਸ਼ੈਲੀ ਨੂੰ ਨਿਰਧਾਰਤ ਕਰਦਾ ਹੈ। ਇਸ ਇਕਾਂਗੀ ਦੀ ਸ਼ੈਲੀ ਵਰਨਣਾਤਮਕ, ਮਨੋਵਿਗਿਆਨਕ ਅਤੇ ਸੰਕੇਤਕ ਹੈ।

**ਸਿਰਲੇਖ** :

ਇਸ ਇਕਾਂਗੀ ਦਾ ਸਿਰਲੇਖ 'ਮੁਰਦੇ ਦਾ ਰਾਸ਼ਨ' ਬਿਲਕੁਲ ਢੁਕਵਾਂ ਹੈ। ਸਾਰਾ ਇਕਾਂਗੀ ਇਸੇ ਘਟਨਾ ਦੁਆਲੇ ਘੁੰਮਦਾ ਹੈ। ਇਸ ਘਟਨਾ ਵਿਚੋਂ ਦੂਜੀਆਂ ਘਟਨਾਵਾਂ ਨਿਕਲਦੀਆਂ ਹਨ ਤੇ ਇਸ ਰਾਸ਼ਨ ਵਾਲੇ ਮੁਰਦੇ ਤੇ ਆ ਕੇ ਖਤਮ ਹੋ ਜਾਂਦੀਆਂ ਹਨ।

**ਰੰਗ ਮੰਚ** :

ਰੰਗ ਮੰਚ ਦੀ ਦ੍ਰਿਸ਼ਟੀ ਤੋਂ ਇਹ ਇਕ ਕਾਮਯਾਬ ਇਕਾਂਗੀ ਹੈ। ਇਸਨੂੰ ਆਸਾਨੀ ਨਾਲ ਖੇਡਿਆ ਜਾ ਸਕਦਾ ਹੈ। ਇਸ ਦੇ ਪਾਤਰ ਆਮ ਸਾਧਾਰਨ ਲੋਕਾਂ ਵਿਚੋਂ ਹਨ। ਸਾਰਾ ਇਕਾਂਗੀ ਇਕੋ ਝਾਕੀ ਹੈ ਤੇ ਇਕ ਸਥਾਨ ਤੇ ਸਾਰਾ ਕਾਰਜ ਸਮਾਪਤ ਹੋ ਜਾਂਦਾ ਹੈ। ਦ੍ਰਿਸ਼ ਬਦਲਦੇ ਨਹੀਂ, ਇਸੇ ਲਈ ਇਕ ਵਾਰੀ ਕੀਤੀ ਸਟੇਜ ਸੈਟਿੰਗ ਅਖੀਰ ਤੱਕ ਨਿਭ ਜਾਂਦੀ ਹੈ। ਸਟੇਜ ਸਾਮੱਗਰੀ ਵੀ ਆਮ ਪ੍ਰਾਪਤ ਹੋ ਜਾਣ ਵਾਲੀ ਹੈ।

## ਮਨ ਦੀਆਂ ਮਨ ਵਿਚ

ਇਹ ਇਕਾਂਗੀ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ, ਨਿਰਦੇਸ਼ਕ ਡਾ. ਹਰਚਰਨ ਸਿੰਘ ਦਾ ਲਿਖਿਆ ਹੋਇਆ ਹੈ। ਹਰਚਰਨ ਸਿੰਘ ਦੀ ਪ੍ਰਤਿਭਾ ਬਹੁ-ਪੱਖੀ ਹੈ। ਉਹ ਨਾਟਕਕਾਰੀ ਦੇ ਖੇਤਰ ਵਿਚ ਯਥਾਰਥਵਾਦੀ ਪ੍ਰਵਿਰਤੀ ਦਾ ਧਾਰਨੀ ਹੈ। ਸਮਕਾਲੀ ਜੀਵਨ ਦੇ ਕਈ ਪੱਖਾਂ ਤੇ ਉਸ ਨੇ ਕਲਮ ਚਲਾਈ ਹੈ। ਸਮਾਜ ਵਿਚ ਵਿਆਪਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਨੂੰ ਉਸ ਨੇ ਆਪਣੇ ਨਾਟਕਾਂ, ਇਕਾਂਗੀਆਂ ਦਾ ਵਿਸ਼ਾ ਬਣਾਇਆ ਹੈ। ਉਸ ਨੇ ਸਮਾਜ ਸੁਧਾਰਕ, ਸਮਾਜਵਾਦੀ ਅਤੇ ਰਾਜਨੀਤਿਕ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਵੀ ਨਾਟ ਰਚਨਾ ਕੀਤੀ ਹੈ। ਨਾਟਕ 'ਕੱਲ ਅੱਜ ਤੇ ਭਲਕ' ਉਪਰ ਉਸ ਨੂੰ ਸਾਹਿਤ ਅਕਾਦਮਕੀ ਦਾ ਪੁਰਸਕਾਰ ਪ੍ਰਾਪਤ ਹੋਇਆ ਹੈ।

**ਵਿਸ਼ਾ :**

ਇਸ ਨਾਟਕ 'ਮਨ ਦੀਆਂ ਮਨ ਵਿੱਚ' ਦਾ ਵਿਸ਼ਾ ਮਨੁੱਖੀ ਭਾਵਨਾਵਾਂ ਨੂੰ ਬਣਾਇਆ ਗਿਆ ਹੈ। ਇਸ ਨਾਟਕ ਦੀ ਨਾਇਕਾ ਅੰਬੋ ਕਰਮੇ ਦੀ ਪਤਨੀ ਹੈ। ਕਰਮਾ ਅਮਲੀ ਅਤੇ ਬਿਮਾਰ ਬੰਦਾ ਹੈ। ਸਾਰੀ ਜ਼ਮੀਨ ਨਸ਼ਿਆਂ ਮੂੰਹ ਉਜਾੜ ਦਿੰਦਾ ਹੈ। ਕੇਵਲ ਦੋ ਘੁਮਾ ਪੈਲੀ ਹੀ ਬਚੀ ਹੁੰਦੀ ਹੈ ਕਿ ਘਰੋ ਨਿਕਲ ਜਾਂਦਾ ਹੈ। ਪੂਰੇ ਬਾਰ੍ਹਾਂ ਵਰ੍ਹੇ ਉਸ ਦੀ ਕੋਈ ਦਸ ਧੁੱਖ ਨਹੀਂ ਨਿਕਲਦੀ। ਇਹ ਸਾਰਾ ਸਮਾਂ ਅੰਬੋ ਆਪਣੇ ਪਤੀ ਕਰਮੇ ਦਾ ਇੰਤਜ਼ਾਰ ਕਰਦੀ ਰਹਿੰਦੀ ਹੈ। ਉਹ ਪਿੰਡ ਦੇ ਜ਼ਿੰਮੀਦਾਰਾਂ ਦੇ ਘਰਾਂ ਵਿਚ ਕੰਮ ਕਰ ਕੇ ਆਪਣਾ ਝਟ ਲੰਘਾਉਂਦੀ ਹੈ। ਇਕ ਦਿਨ ਖੂਹ ਤੋਂ ਪਾਣੀ ਭਰਦਿਆਂ ਉਸ ਦੀਆਂ ਸ਼ੇਰੂ ਨਾਲ ਅੱਖਾਂ ਚਾਰ ਹੋ ਜਾਂਦੀਆਂ ਹਨ। ਉਹ ਤੇ ਸ਼ੇਰੂ ਆਪਸ ਵਿਚ ਪਿਆਰ ਕਰਨ ਲਗਦੇ ਹਨ। ਕਰਮੇ ਦੀ ਗੈਰ ਜ਼ਿੰਮੇਵਾਰੀ ਅਤੇ ਅੰਬੋ ਦੀ ਦੁਰਦਸ਼ਾ ਦਾ ਵਾਸਤਾ ਪਾ ਕੇ ਸ਼ੇਰੂ ਪਿੰਡ ਦੀ ਬਰਾਦਰੀ ਅਤੇ ਪੰਚਾਇਤ ਨੂੰ ਮਨਾ ਲੈਂਦਾ ਹੈ ਤੇ ਅੰਬੋ ਤੇ ਚਾਦਰ ਪਾਉਣ ਭਾਵ ਵਿਆਹ ਕਰਨ ਦੀ ਇਜ਼ਾਜਤ ਲੈ ਲੈਂਦਾ ਹੈ। ਇਹ ਵਿਆਹ ਪੰਚਾਇਤ ਦੀ ਨਿਗਰਾਨੀ ਵਿਚ ਹੋਣਾ ਹੁੰਦਾ ਹੈ। ਵਿਆਹ ਦੀ ਘੜੀ ਆ ਜਾਂਦੀ ਹੈ। ਸਾਰੀ ਤਿਆਰੀ ਮੁਕੰਮਲ ਹੋ ਜਾਂਦੀ ਹੈ। ਅੰਬੋ ਦੀ ਨਨਾਣ ਕਰਮੋ ਆ ਜਾਂਦੀ ਹੈ। ਜਦੋਂ ਕਰਮੋ ਨੂੰ ਪਤਾ ਲੱਗਦਾ ਹੈ ਕਿ ਅੰਬੋ ਦੀ ਸ਼ੇਰੂ ਨਾਲ ਚਾਦਰ ਪੈਣ ਲੱਗੀ ਹੈ ਤਾਂ ਉਹ ਪਹਿਲਾਂ ਅੰਬੋ ਨੂੰ ਸਮਝਾਉਂਦੀ ਹੈ ਫਿਰ ਵਾਸਤਾ ਪਾਉਂਦੀ ਹੈ ਤੇ ਫਿਰ ਤੁਹਮਤਾ ਲਗਾਉਦੀ ਵੈਣ ਪਾਉਣ ਲਗ ਜਾਂਦੀ ਹੈ। ਸ਼ੇਰੂ ਅੰਬੋ ਨੂੰ ਵਿਆਹ ਵਾਲੀ ਥਾਂ ਲੈ ਕੇ ਜਾਣ ਦੀ ਕਾਹਲੀ ਕਰਦਾ ਹੈ। ਨੰਬਰਦਾਰ ਕਰਮੋ ਨੂੰ ਸਮਝਾਉਂਦਿਆਂ ਰੁਕਣ ਲਈ ਕਹਿੰਦਾ ਹੈ ਏਨੇ ਨੂੰ ਬਾਹਰੋਂ ਖੰਘਦਾ, ਲੱਤਾ ਘੜੀਸਦਾ, ਬਿਮਾਰ ਕਰਮਾ ਅੰਦਰ ਆ ਵੜਦਾ ਹੈ। ਸਾਰੇ ਹੈਰਾਨ ਰਹਿ ਜਾਂਦੇ ਹਨ। ਅੰਬੋ ਅੰਦਰ ਜਾ ਕੇ ਬੇਹੋਸ਼ ਹੋ ਜਾਂਦੀ ਹੈ। ਇਸ ਤਰ੍ਹਾਂ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਅੰਬੋ ਤੇ ਸ਼ੇਰੂ ਦੇ ਮਨ ਦੀਆਂ ਇਛਾਵਾਂ, ਰੀਝਾਂ ਮਨ ਵਿਚ ਹੀ ਰਹਿ ਜਾਂਦੀਆਂ ਹਨ।

**ਪਾਤਰ ਯੋਜਨਾ :**

ਇਸ ਇਕਾਂਗੀ ਮਨ ਦੀਆਂ ਮਨ ਵਿਚ ਦੇ ਛੇ ਪਾਤਰ ਹਨ। ਸ਼ੇਰੂ, ਅੰਬੋ, ਕਰਮਾ, ਨੰਬਰਦਾਰ ਅਤੇ ਰਾਜਾ (ਨਾਈ)। ਇਕਾਂਗੀਕਾਰ ਹਰਚਰਨ ਸਿੰਘ ਨੇ ਰਚਨਾ ਦੇ ਵਿਸ਼ੇ ਅਤੇ ਘਟਨਾਵੀ ਪ੍ਰਬੰਧ ਦੇ ਅਨੁਕੂਲ ਪਾਤਰਾਂ ਦੀ ਚੋਣ ਕੀਤੀ ਹੈ। ਇਹ ਪਾਤਰ ਪੇਂਡੂ, ਸਿਧੇ-ਸਾਦੇ, ਪਿਆਰ ਕਰਨ ਵਾਲੇ, ਇਨਸਾਫ਼ ਕਰਨ ਵਾਲੇ, ਦੁੱਖਾਂ ਤਕਲੀਫਾਂ ਭਰੀ ਜ਼ਿੰਦਗੀ ਨਾਲ ਜੂਝਣ ਵਾਲੇ ਹਨ। ਇਹ ਪਾਤਰ ਪੰਜਾਬੀ ਪੇਂਡੂ ਰਹਿਣੀ-ਬਹਿਣੀ ਨੂੰ ਸਾਕਾਰ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਰਹਿੰਦੇ ਹਨ।

ਸ਼ੇਰੂ ਇਸ ਇਕਾਂਗੀ ਦਾ ਮੁੱਖ ਪਾਤਰ ਹੈ। ਹਿੰਮਤੀ, ਸਿਰੜੀ ਅਤੇ ਧੁਨ ਦਾ ਪੱਕਾ ਸਿਦਕੀ ਨੌਜਵਾਨ ਹੈ। ਇਕ ਦਿਨ ਖੂਹ ਤੇ ਪਾਣੀ ਭਰਨ ਆਈ ਅੰਬੋ ਨੂੰ ਵੇਖ ਕੇ ਉਸ ਪ੍ਰਤੀ ਸੋਚਣ ਲੱਗਦਾ ਹੈ। ਉਸ ਨੂੰ ਅੰਬੋ ਦੀ ਜ਼ਿੰਦਗੀ ਪ੍ਰਤੀ ਹਮਦਰਦੀ ਹੋ ਜਾਂਦੀ ਹੈ ਕਿਉਂਕਿ ਅੰਬੋ ਦਾ ਅਮਲੀ, ਲਾਪ੍ਰਵਾਹ ਪਤੀ ਕਰਮਾ, ਬਾਰਾਂ ਸਾਲ ਪਹਿਲਾਂ ਛੱਡ ਕੇ ਗਿਆ ਵਾਪਸ ਨਹੀਂ ਮੁੜਦਾ। ਅੰਬੋ ਨੂੰ ਦੁੱਖੀ ਵੇਖ ਕੇ ਉਹ ਵੀ ਦੁਖੀ ਹੁੰਦਾ ਹੈ। ਉਸ ਨੂੰ ਖੂਹ ਤੇ ਧਿਆਨ ਨਾਲ ਵੇਖਣ ਨਾਲ ਉਸ ਦਾ ਮਨ ਅੰਬੋ ਦੀ ਸੁੰਦਰਤਾ ਪ੍ਰਤੀ ਖਿਚਿਆ ਜਾਂਦਾ ਹੈ। ਉਹ ਕਹਿੰਦਾ ਹੈ –

''ਮੈਂ ਤੇ ਜਾਣਦਾਂ ਮਤਲਬ ਦੀ ਤੀਵੀ ਤੋਂ ਬਿਨਾਂ ਜੀਣ ਦਾ ਕੋਈ ਹੱਜ ਨਹੀਂ..... ਅੰਬੋ ਛੋਟੇ ਹੁੰਦਿਆਂ ਤੋਂ ਮੇਰੀ ਇਕੋ ਸੱਧਰ ਸੀ....... ਪਈ ਸਾਥੀ ਹੋਵੇ ਤਾਂ ਦਿਲ ਪਸੰਦ ਦਾ, ਨਹੀਂ ਤਾਂ ਨਾ ਹੋਵੇ।

ਸ਼ੇਰੂ ਜ਼ਮੀਨ ਜਾਇਦਾਦ ਦਾ ਮਾਲਕ ਖਾਣ ਹੰਢਾਉਣ ਦਾ ਸ਼ੌਕੀਨ ਹੈ 'ਅੰਬੋ ਜੂਨ ਭੋਗਣ ਨਹੀ ਆਏ, ਖਾਣਾ ਹੰਢਾਣਾ, ਦੋ ਚੀਜ਼ਾਂ ਨੇ ਦੁਨੀਆਂ ਵਿੱਚ। ਦੇਹ ਨਰੋਈ ਤੇ ਦਿਲ ਖੁਸ਼ ਰਖਣਾ ਜਾਣਦੇ ਆਂ ਅਸੀਂ ਤੇ, ਜਿਹੜਾ ਚਾਰ ਦਿਹਾੜੇ ਜੀਣਾ ਐਸ਼ ਨਾਲ ਜੀਣਾ......। ਇਹੋ ਜਿਹੇ ਸੁਭਾਅ ਵਾਲਾ ਸ਼ੇਰੂ ਅੰਬੋ ਨਾਲ ਵਿਆਹ ਕਰਾਉਣ ਲਈ ਪਿੰਡ ਦੀ ਪੰਚਾਇਤ ਨੂੰ ਰਾਜੀ ਕਰ

ਲੈਂਦਾ ਹੈ। ਉਹ ਅੰਬੋ ਨੂੰ ਨਵੇਂ ਕੱਪੜੇ ਅਤੇ ਹਾਰ ਸ਼ਿੰਗਾਰ ਦਾ ਸਮਾਨ ਵੀ ਲਿਆ ਕੇ ਦਿੰਦਾ ਹੈ ਪਰ ਬਦਕਿਸਮਤੀ ਨੂੰ ਐਨ ਮੌਕੇ ਤੇ ਕਰਮਾ ਆ ਪਹੁੰਚਦਾ ਹੈ ਤੇ ਸ਼ੇਰੂ ਦਾ ਅੰਬੋ ਨਾਲ ਵਿਆਹ ਵਿਚੇ ਰਹਿ ਜਾਂਦਾ ਹੈ।

ਅੰਬੋ ਇਸ ਇਕਾਂਗੀ ਦੀ ਨਾਇਕਾ ਹੈ। ਮਾੜੀ ਕਿਸਮਤ ਵਾਲੀ, ਅਮਲੀ, ਗੈਰ ਜ਼ਿੰਮੇਵਾਰ, ਲਾਪ੍ਰਵਾਹ ਕਰਮੇ ਦੀ ਪਤਨੀ ਹੈ। ਕਰਮਾ ਉਸ ਨੂੰ ਹਮੇਸ਼ਾਂ ਦੁੱਖ ਹੀ ਦਿੰਦਾ ਰਹਿੰਦਾ ਹੈ। ਇਕ ਵਾਰੀ ਘਰੋਂ ਗਿਆ ਬਾਰਾਂ ਸਾਲ ਨਹੀਂ ਮੁੜਦਾ। ਅੰਬੋ ਪਿੰਡ ਦੇ ਘਰਾਂ ਵਿਚ ਕੰਮ ਕਰਕੇ ਆਪਣਾ ਜੀਵਨ-ਨਿਰਬਾਹ ਤੋਰਦੀ ਹੈ। ਫਿਰ ਸ਼ੇਰੂ ਉਸ ਦੀ ਜ਼ਿੰਦਗੀ ਵਿਚ ਆਉਂਦਾ, ਜਿਸ ਨਾਲ ਵਿਆਹ ਹੋਣ ਉਪਰੰਤ ਸੁਖੀ ਜ਼ਿੰਦਗੀ ਬਿਤਾਉਣ ਬਾਰੇ ਉਹ ਆਸ਼ਾਵਾਦੀ ਹੈ। ਸਾਡੇ ਸਮਾਜ ਵਿਚ ਕੁੜੀਆਂ ਦੀ ਹੋਣੀ ਪ੍ਰਤੀ ਉਹ ਜਾਣਦੀ ਹੈ 'ਪਰ ਕੁੜੀਆਂ' ਦੀਆਂ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਨੇ। ਮਾਪੇ ਜੀਹਦੇ ਨਾਲ ਮਰਜ਼ੀ ਚਮੋੜ ਦੇਣ। ਸ਼ੇਰੂ ਨਾਲ ਵਿਆਹ ਹੋ ਜਾਣ ਦੀ ਸੂਰਤ ਵਿੱਚ ਉਸ ਨੂੰ ਦਿਨ ਫਿਰਨ ਦੀ ਜੋ ਉਮੀਦ ਹੁੰਦੀ ਹੈ ਉਹ ਕਰਮੇ ਦੇ ਵਾਪਸ ਆ ਜਾਣ ਤੇ ਢਹਿ ਢੇਰੀ ਹੋ ਜਾਂਦੀ ਹੈ।

ਕਰਮਾ ਇਕ ਸ਼ਰਾਬੀ ਕਬਾਬੀ ਅਮਲੀ ਪਾਤਰ ਹੈ। ਉਹ ਬੇਕਾਰ, ਨਿਕੰਮਾ, ਗੈਰ ਜ਼ਿੰਮੇਾਵਾਰ ਵਿਅਕਤੀ ਹੈ। ਆਪਣੀ ਪਤਨੀ ਅੰਬੋ ਨੂੰ ਬੇਸਹਾਰਾ ਛੱਡ ਜਾਂਦਾ ਹੈ ਤੇ ਬਾਰਾਂ ਸਾਲ ਬਾਅਦ ਘਰ ਆਉਂਦਾ ਹੈ ਤਾਂ ਬਿਮਾਰ, ਬੁਰੇ ਹਾਲ ਹੁੰਦਾ ਹੈ। ਅੰਬੋ ਬਾਰੇ ਕਹਿੰਦਾ ਹੈ ''ਉਹ ਅਜੇ ਜਿਊਂਦੀ ਹੈ। ਲਉ ਜੀ ਮੇਰੇ ਭਾਣੇ ਮਰ ਮੁੱਕ ਚੁੱਕੀ ਏ''।

ਕਰਮੋ, ਕਰਮੇ ਦੀ ਭੈਣ ਹੈ, ਜਿਸ ਨੂੰ ਭਰਾ ਦੇ ਘਰ ਦਾ ਫਿਕਰ ਹੈ। ਉਹ ਅੰਬੋ ਨੂੰ ਸ਼ੇਰੂ ਨਾਲ ਵਿਆਹ ਕਰਾਉਣ ਤੋਂ ਰੋਕਦੀ ਹੋਈ ਦਿਲਾਸਾ ਦਿੰਦੀ ਹੈ ਕਿ ਕਰਮਾ ਹੁਣ ਜਦੋਂ ਬਾਰਾਂ ਸਾਲਾਂ ਬਾਅਦ ਘਰ ਆਏਗਾ ਤਾਂ ਏਨਾ ਕਮਾ ਕੇ ਲਿਆਏਗਾ ਕਿ ਘਰ ਭਰ ਜਾਣੇ। ਉਸੇ ਕਰਮੇ ਨੂੰ ਬੁਰੇ ਹਾਲੀ ਵਾਪਸ ਆਇਆ ਵੇਖ ਕੇ ਦੁਖੀ ਵੀ ਹੁੰਦੀ ਹੈ ਪਰ ਇਸ ਪੱਖੋਂ ਖੁਸ਼ ਵੀ ਹੁੰਦੀ ਹੈ ਕਿ ਅੰਬੋ ਦਾ ਹੁਣ ਸ਼ੇਰੂ ਨਾਲ ਵਿਆਹ ਨਹੀਂ ਹੋ ਸਕੇਗਾ।

ਨੰਬਰਦਾਰ ਅੰਬੋ ਤੇ ਸ਼ੇਰੂ ਦੇ ਵਿਆਹ ਦਾ ਸਹਾਇਕ ਪਾਤਰ ਹੈ। ਉਹ ਸੂਝਵਾਨ ਵਿਅਕਤੀ ਹੈ। ਅੰਬੋ ਦੀ ਹਾਲਤ ਪ੍ਰਤੀ ਹਮਦਰਦੀ ਰਖਦਾ ਹੋਇਆ ਕਰਮੋ ਨੂੰ ਸਮਝਾਉਂਦਾ ਹੈ। ਰਾਜਾ ਪਿੰਡ ਦਾ ਨਾਈ ਹੈ ਜੋ ਸ਼ੇਰੂ ਨੂੰ ਬੁਲਾਉਣ ਆਉਂਦਾ ਹੈ।

**ਵਾਰਤਾਲਾਪ :**

ਇਸ ਇਕਾਂਗੀ ਦਾ ਵਾਰਤਾਲਾਪ ਚੁਸਤ, ਪ੍ਰਭਾਵਪੂਰਨ ਅਤੇ ਰਵਾਨੀ ਭਰਪੂਰ ਹੈ। ਸਿਧੀ ਸਾਦਾ ਸ਼ਬਦਾਵਲੀ ਦੁਆਰਾ ਹਰ ਪਾਤਰ ਦਾ ਕਥਨ ਸਰੋਤਿਆਂ ਨੂੰ ਸਮਝ ਆਉਣ ਵਾਲਾ ਹੈ। ਪਾਤਰ ਆਪਣੀ ਉਮਰ, ਸਥਿਤੀ ਅਤੇ ਹੈਸੀਅਤ ਮੁਤਾਬਿਕ ਵਾਰਤਾਲਾਪ ਬੋਲ ਕੇ ਇਕਾਂਗੀ ਨੂੰ ਰੰਗਮੰਚੀ ਪੱਖ ਤੋਂ ਕਾਮਯਾਬ ਬਣਾਉਂਦੇ ਹਨ।

**ਭਾਸ਼ਾ :**

ਇਕਾਂਗੀਕਾਰ ਦੀ ਭਾਸ਼ਾ ਸ਼ੁੱਧ ਟਕਸਾਲੀ ਪੰਜਾਬੀ ਹੈ। ਪਾਤਰਾਂ ਦੀ ਭਾਸ਼ਾ ਮਾਝੀ ਹੈ ਕਿਉਂਕਿ ਇਕਾਂਗੀ ਦਾ ਘਟਨਾ ਸਥਲ ਮਾਝੇ ਦਾ ਇਕ ਪਿੰਡ ਹੈ। ਸਾਰੇ ਪਾਤਰ ਪੇਡੂ ਮਾਝੀ ਬੋਲੀ ਦੀ ਵਰਤੋਂ ਕਰਦੇ ਹਨ।

**ਸਿਰਲੇਖ :**

ਇਕਾਂਗੀਕਾਰ ਦਾ ਸਿਰਲੇਖ ਬਹੁਤ ਢੁੱਕਵਾਂ ਹੈ। ਸਾਰੀਆਂ ਘਟਨਾਵਾਂ ਸਿਰਲੇਖ ਵਿਚਲੇ ਮਕਸਦ ਅਨੁਸਾਰ ਸਹੀ ਸਹੀ ਵਾਪਰਦੀਆਂ ਹਨ। ਲੇਖਕ ਅਨੁਸਾਰ ਮਨੁੱਖ ਦੀਆਂ ਸਾਰੀਆਂ ਇੱਛਾਵਾਂ ਕਦੀ ਪੂਰੀਆਂ ਨਹੀਂ ਹੁੰਦੀਆਂ, ਬਹੁਤ ਸਾਰੀਆਂ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਹਨ ਪਰ ਜਦੋਂ ਵਿਆਹ ਵਰਗੀ ਇੱਛਾ ਦੇ ਸੰਬੰਧ ਵਿੱਚ ਵੀ ਅਜਿਹਾ ਵਾਪਰ ਜਾਵੇ ਤਾਂ ਬਹੁਤ ਦੁਖ ਹੁੰਦਾ ਹੈ, ਕਿਉਂਕਿ ਵਿਆਹ ਜ਼ਿੰਦਗੀ ਦਾ ਅਜਿਹਾ ਕਾਰਜ ਹੈ ਜਿਸ ਤੋਂ ਬਾਕੀ ਦੀ ਸਾਰੀ ਉਮਰ ਪ੍ਰਭਾਵਿਤ ਜ਼ਿੰਦਗੀ ਹੁੰਦੀ ਰਹਿੰਦੀ ਹੈ।

**ਰੰਗ ਮੰਚ :**

ਰੰਗ ਮੰਚੀ ਪੱਖ ਤੋਂ ਇਹ ਇਕ ਵਧੀਆ ਇਕਾਂਗੀ ਹੈ। ਇਹ ਬਹੁਤ ਵਾਰੀ ਸਟੇਜ ਤੇ ਖੇਡਿਆ ਜਾ ਚੁੱਕਾ ਹੈ। ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਵਾਲਾ ਵਿਸ਼ਾ ਹੋਣ ਕਰਕੇ ਅਤੇ ਮੂਲ ਮਨੁੱਖੀ ਪ੍ਰਵਿਰਤੀ ਨਾਲ ਸੰਬੰਧਿਤ ਹੋਣ ਕਰਕੇ ਇਹ ਇਕਾਂਗੀ ਹੁਣ ਵੀ ਅਤੇ ਆਉਣ ਵਾਲੇ ਸਮਿਆਂ ਵਿਚ ਵੀ ਆਪਣੀ ਸਾਰਥਿਕਤਾ ਰੱਖਦਾ ਰਹੇਗਾ। ਥੋੜ੍ਹੇ ਪਾਤਰ, ਇਕੋ ਝਾਕੀ, ਸਾਧਾਰਨ ਮੰਚ ਸਾਮੱਗਰੀ ਕਰਕੇ ਇਸਨੂੰ ਮੰਚ ਤੇ ਖੇਡਣਾ ਆਸਾਨ ਵੀ ਹੈ।

## ਅਭਿਆਸ ਵਾਸਤੇ ਮਹੱਤਵਪੂਰਨ ਪ੍ਰਸ਼ਨ

1. 'ਮਾਂ ਦਾ ਡਿਪਟੀ' ਇਕਾਂਗੀ ਵਿੱਚ ਬੇਰੁਜ਼ਗਾਰੀ ਅਤੇ ਮਹਿੰਗਾਈ ਕਿਸ ਤਰ੍ਹਾਂ ਇਕ ਸਾਧਾਰਨ ਵਿਅਕਤੀ ਦਾ ਨੱਕ ਵਿਚ ਦਮ ਕਰਦੀ ਹੈ – ਲਿਖੋ।
2. ਨਵੇਂ ਪੋਚ ਦੀ ਔਰਤ ਪ੍ਰਤੀ ਪਰੰਪਰਾਗਤ ਔਰਤ ਦਾ ਰਵੱਈਆ ਕਿਹੋ ਜਿਹਾ ਹੈ – 'ਦੂਜਾ ਵਿਆਹ' ਇਕਾਂਗੀ ਦੇ ਆਧਾਰ ਤੇ ਅਧਿਐਨ ਕਰੋ।
3. ਇਕਾਂਗੀ 'ਉਧਾਲੀ ਹੋਈ ਕੁੜੀ' ਅਨੁਸਾਰ ਦੇਸ਼ ਵੰਡ ਸਮੇਂ ਔਰਤਾਂ ਨੂੰ ਕਿਹੋ ਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਿਆ ਸੀ ?
4. 'ਅਪਮਾਨ' ਇਕਾਂਗੀ ਸੁਸ਼ਮਾ ਜਿਹੀ ਔਰਤ ਦੇ ਸੁਪਨਿਆਂ ਦੇ ਤਿੜਕ ਜਾਣ ਦੀ ਕਿਵੇਂ ਪੇਸ਼ਕਾਰੀ ਕਰਦਾ ਹੈ ?
5. 'ਬਗਾਨੇ ਬੋਹੜ ਦੀ ਛਾਂ' ਇਕਾਂਗੀ ਮਾਲਵੇ ਦੀ ਛੋਟੀ ਕਿਸਾਨੀ ਦੇ ਦੁਖਾਂਤ ਦੀ ਗਾਥਾ ਹੈ – ਵਰਨਣ ਕਰੋ।
6. ਇਕਾਂਗੀ 'ਹਨੀਮੂਨ' ਨਿਮਨ ਮੱਧ ਸ਼ਰੇਣੀ ਦੇ ਕਥਿਤ ਅਗਾਂਹਵਧੂ ਖਿਆਲਾਂ ਤੇ ਤਿਖਾ ਵਿਅੰਗ ਹੈ – ਸਿੱਧ ਕਰੋ।
7. 'ਮੁਰਦੇ ਦਾ ਰਾਸ਼ਨ' ਇਕਾਂਗੀ ਮਨੁੱਖ ਦੀ ਸੁਆਰਥੀ ਬਿਰਤੀ ਦਾ ਕਿਸ ਤਰ੍ਹਾਂ ਪਰਦਾ ਫਾਸ਼ ਕਰਦਾ ਹੈ ?

Type Setting :
Department of Distance Education, Punjabi University, Patiala.